SAN FRANCISCO PUBLIC LIBRARY
3 1223 10850 3773



ਗਿਆਤ ਦੀ ਸੀਮਾ ਕਦੋਂ ਛੁੱਟ ਗਈ,
ਕਿਸਤਰ੍ਹਾਂ ਛੁੱਟ ਗਈ, ਮੈਂ ਨਹੀਂ ਜਾਣਦੀ
ਕੁਝ ਪਕੜ ਵਿਚ ਨਹੀਂ ਔਂਦਾ
ਸਿਰਫ ਏਨਾਂ ਜਾਣਿਆ—
ਕਿ ਪੈਰਾਂ ਵਿਚ ਤਿਲਮਿਲਾਹਟ ਹੈ
ਅਗਿਆਤ ਦੇ ਰਾਹ ਉੱਤੇ ਤੁਰ ਪੈਣ ਦੀ...

Digitized by the Internet Archive
in 2022 with funding from
Kahle/Austin Foundation

https://archive.org/details/kagazatekanawasa0000amri

# ਕਾਗ਼ਜ਼ ਤੇ ਕੈਨਵਸ

PUNJABI 891.421 Am78k
Amrita Pritam, 1919-2005.
Kagaza te kanawasa
Dillī : Shilālekha, 2001.

ਸ਼ਿਲਾਲੇਖ, ਦਿੱਲੀ–110032

3 1223 10850 3773

# ਕਾਗ਼ਜ਼ ਤੇ ਕੈਨਵਸ


ਅੰਮ੍ਰਿਤਾ ਪ੍ਰੀਤਮ

Revised First Print : 2001
Second Print : 2006
Third Print : 2010
ISBN : 81-7329-095-4
© : ਇਮਰੋਜ਼
ਮੁੱਲ : 250 ਰੁਪਏ
ਪ੍ਰਕਾਸ਼ਕ : **ਸ਼ਿਲਾਲੇਖ**
4/32 ਸੁਭਾਸ਼ ਗਲੀ, ਵਿਸ਼ਵਾਸ ਨਗਰ
ਸ਼ਾਹਦਰਾ, ਦਿੱਲੀ-110032
ਫੋਨ : 011-22303184
ਕੰਪੋਜ਼ਿੰਗ : ਸ੍ਰੀ ਗ੍ਰੈਫਿਕਸ, ਦਿੱਲੀ-110032
ਛਾਪਕ : ਬੀ. ਕੇ. ਆਫਸੈਟ, ਦਿੱਲੀ-110032

---

Kagaz Te Canvas (A Collection of Poems) by Amrita Pritam

ਜਿਸ ਬੂਹੇ ਨੂੰ ਲੰਘ ਕੇ....
ਤੇਰੀ ਖ਼ਬਰ ਆਈ ਸੀ
ਇਹ ਮੇਰੀਆਂ ਨਜ਼ਮਾਂ—
ਅੰਬ ਦੇ ਪੱਤੇ
ਮੈਂ ਉਸ ਬੂਹੇ ਨੂੰ ਬੰਨ੍ਹ ਦਿੱਤੇ ਨੇ...




—ਅੰਮ੍ਰਿਤਾ

14 ਇਸ਼ਕ
15 ਇਕ ਟੋਟਾ ਧੁੱਪ ਦਾ
16 ਸਿਆਲ
17 ਇਕ ਘਟਨਾ
19 ਸਭਿਅੱਤਾ
21 ਇਕ ਹਾਦਸਾ
22 ਆਵਾਜ਼
24 ਨਗਰ
26 ਸ਼ਹਿਰ
29 ਟੋਸਟ
31 ਡੇੜ ਘੰਟੇ ਦੀ ਮੁਲਾਕਾਤ
33 ਇਡੀਪਸ
35 ਲੰਗੜੀ ਛਾਂ
36 ਬੋਹੜ
38 15 ਅਗਸਤ
40 ਤਮਗ਼ੇ
41 ਜ਼ਿੰਦਗੀ
43 ਦੇਖ ਕਬੀਰਾ ਰੋਇਆ
45 ਹੋਂਦ ਵਾਦ
47 ...ਕੁਮਾਰੀ
48 ?
49 ਰਾਜਸੱਤਾ
49 ਇਕ ਦ੍ਰਿਸ਼ਟੀਕੋਣ
50 ਆਤਮ-ਮਿਲਣ
50 ਪੈਂਡਾ
51 ਜ਼ਰਾਬਕਤਰ
53 ਮੈਂ
54 ਮੇਰਾ ਪਤਾ
55 ਇਕ ਮੁਲਾਕਾਤ
56 ਇਕ ਮੁਲਾਕਾਤ
58 ਸਟਿੱਲ ਲਾਈਫ਼
59 ਮਾਰਤਿਨ ਲੂਥਰ ਕਿੰਗ
59 ਕਾਜ਼ਾਨ ਜ਼ਾਕਿਸ
60 ਮੈਰੇਲਿਨ ਮੱਾਨਰੋ
60 ਅੰਮ੍ਰਿਤਾ
61 ਵਕਤ
62 ਇਕ ਸੋਚ
64 ਇਕ ਖ਼ਤ
66 ਸਫ਼ਰਨਾਮਾ
68 ਐਸ਼ ਟ੍ਰੇ
70 ਮੇਰੇ ਦੋਸਤ !
72 ਨੌਂ ਸੁਪਨੇ
77 ਫ਼ਾਸਲਾ
79 ਸੁਲੱਖਣੀ
81 ਪੰਜਵੀਂ ਉਦਾਸੀ
82 ਵੈਰਾਗ
83 ਉਦਾਸੀ ਦੀ ਕਥਾ
85 ਚੁੱਪ ਦੀ ਸਾਜ਼ਿਸ਼
86 ਤਖ਼ਲੀਕੀ ਅਮਲ
88 ਗਲੀ ਦਾ ਕੁੱਤਾ
90 ਮੇਰਾ ਸ਼ਹਿਰ
92 15 ਅਗਸਤ
94 15 ਅਗਸਤ
96 15 ਅਗਸਤ
97 ਖ਼ੂਨੀ ਸਵੇਰਾਂ
99 ਹਵਾੜ੍ਹ
101 ਫੱਗਣ
103 ਫੱਗਣ

104 ਫੱਗਣ
106 ਚਾਨਣ ਦੀ ਸੂਈ
107 ਮਾਸ ਦਾ ਫੁੱਲ
108 ਇਤਹਾਸ ਦਾ ਹਉਕਾ
109 ਸੱਚ ਦਾ ਧੂਣੀ
112 ਮੈਂ ਜਨਤਾ
113 ਅਹਿਦਨਾਮਾ
114 ਇਕ ਖ਼ਤ
116 ਨੀ ਮਾਏ...
118 ਬਰਫ਼ ਲਗਾਤਾਰ ਪੈਂਦੀ ਪਈ
120 ਹਾਦਸਾ
121 ਮੋਮਬੱਤੀ
122 ਅੱਖਰ
127 ਅਸ਼੍ਵਮੇਧ ਯੱਗ
128 ਓ ਮੇਰੇ ਦੋਸਤ ! ਮੇਰੇ ਅਜਨਬੀ !
129 ਖਾਲੀ ਜਗਹ
130 ਨਾਗ ਪੰਚਮੀ
131 ਓ ਖ਼ੁਦਾਇਆ
132 ਕਰਜ਼ਾ
133 ਸਿਆਹੀਚੂਸ
136 ਜਿੱਥੇ... ਜਦੋਂ...
137 ਅਲਵਿਦਾ
138 21 ਅਕਤੂਬਰ
140 ਸਰਾਪ
141 ਇਕ ਹਾਂ...
143 ਆਦਿ ਰਚਨਾ
144 ਆਦਿ ਚਿੱਤਰ
145 ਆਦਿ ਸੰਗੀਤ
146 ਆਦਿ ਪੁਸਤਕ
147 ਆਦਿ ਧਰਮ
148 ਆਦਿ ਕਬੀਲਾ
149 ਆਦਿ ਸਿਮ੍ਰਿਤੀ
150 ਪੁਲ
151 ਅੱਲਾ !
152 ਵਾਹ ਸੱਜਣ !
153 ਤਿੜਕੇ ਘੜੇ ਦਾ ਪਾਣੀ
154. ਖ਼ਤ
155 ਸ਼ਿਕਵਾ
156 ਜ਼ਿਆਰਤ
157 ਸੂਰਜ
158 ਪੰਜਵਾਂ ਚਿਰਾਗ਼
159 ਰੱਬ ਖ਼ੈਰ ਕਰੇ
160 ਵਣ ਦੇਵਤਾ
162 ਮਾਏ ਨੀ...
163 ਦ੍ਰੋਪਦੀ
164 ਸੁੰਦਰਾਂ
166 ਰੱਬ ਜੀ !
167 ਦਰਸ਼ਕ
168 ਕੱਲ੍ਹ ਰਾਤੀ
169 ਮੈਂ ਦ੍ਰਵਿੜ ਦੇਸ ਦੀ ਜਾਈ—
170 ਅੱਖਰ
171 ਚੁੱਪ ਦਾ ਰੁੱਖ
172 ਦੋਸਤੋ !
175 ਪ੍ਰਸ਼ਨ
179 ਗੱਲ ਕਾਇਆ ਦੀ ਨਹੀਂ
180 ਵਰਸ਼ ਕੁੰਡ

## ਗ੍ਰਹਿਣ ਗਾਥਾ



ਮੈਂ—ਜਦੋਂ ਜੰਮੀ ਸਾਂ, ਗ੍ਰਹਿਣ ਲੱਗਾ ਹੋਇਆ ਸੀ...

ਪਤਾ ਨਹੀਂ, ਦਿਨ ਸੀ ਕਿ ਰਾਤ, ਪਰ ਇਹ ਪਤਾ ਹੈ—ਕਿ ਜੇ ਦਿਨ ਸੀ, ਤਾਂ ਉਹ ਘੜੀ ਸੂਰਜ-ਗ੍ਰਹਿਣ ਦੀ ਹੋਵੇਗੀ, ਤੇ ਜੇ ਰਾਤ ਸੀ, ਤਾਂ ਉਹ ਘੜੀ ਚੰਦ੍ਰ-ਗ੍ਰਹਿਣ ਦੀ ਹੋਵੇਗੀ...

ਸਾਡਾ ਮਿਥਿਹਾਸ ਆਖਦਾ ਹੈ ਕਿ ਜਿਸ ਹਾਥੀ ਦੇ ਮੱਥੇ ਵਿਚੋਂ ਮੋਤੀ ਮਿਲਦਾ ਹੈ, ਉਸ ਹਾਥੀ ਦਾ ਜਨਮ ਉਸ ਘੜੀ ਹੁੰਦਾ ਹੈ, ਜਦੋਂ ਸੂਰਜ-ਗ੍ਰਹਿਣ ਲੱਗਾ ਹੋਵੇ, ਜਾਂ ਚੰਦ੍ਰ-ਗ੍ਰਹਿਣ ਲੱਗਾ ਹੋਵੇ...

ਘਰ, ਕਬੀਲਾ, ਸਮਾਜ, ਮਜ਼ਹਬ ਤੇ ਸਿਆਸਤ ਵੀ ਸਾਡੇ ਚੰਨ ਸੂਰਜ ਹੁੰਦੇ ਹਨ, ਤੇ ਇਹਨਾਂ ਨੂੰ ਲੱਗੇ ਗ੍ਰਹਿਣ ਵੇਲੇ ਜਦੋਂ ਕਿਸੇ ਸ਼ਾਇਰ ਆਸ਼ਕ ਤੇ ਦਰਵੇਸ਼ ਦਾ ਜਨਮ ਹੁੰਦਾ ਹੈ, ਤਾਂ ਇਹ ਹਕੀਕਤ ਹੈ ਕਿ ਦਰਦ ਦਾ ਮੋਤੀ ਉਹਦੇ ਮੱਥੇ ਵਿਚ ਪੈ ਜਾਂਦਾ ਹੈ...

ਚੇਤਨਾ ਦੀ ਯਾਤ੍ਰਾ ਬਹੁਤ ਲੰਬੀ ਹੁੰਦੀ ਹੈ—

ਘਰ ਕਬੀਲੇ ਨੂੰ ਜਦੋਂ ਟੁਟਦੇ ਰਿਸ਼ਤਿਆਂ ਦਾ ਗ੍ਰਹਿਣ ਲਗਦਾ ਹੈ, ਤਾਂ ਜਿਸ ਚੇਤਨਾ ਦਾ ਜਨਮ ਹੁੰਦਾ ਹੈ, ਉਹਦੇ ਦਰਦ ਦੀ ਇਨਤਹਾ ਆਪਣੀ ਤਰ੍ਹਾਂ ਦੀ ਹੁੰਦੀ ਹੈ...

ਸਮਾਜ ਨੂੰ ਜਦੋਂ ਤਰ੍ਹਾਂ ਤਰ੍ਹਾਂ ਦੀਆਂ ਬੇਇਨਸਾਫ਼ੀਆਂ ਦਾ ਗ੍ਰਹਿਣ ਲੱਗਦਾ ਹੈ, ਤਾਂ ਚੇਤਨਾ ਦੇ ਅਹਿਸਾਸ ਦੀ ਸ਼ਿੱਦਤ ਆਪਣੀ ਤਰ੍ਹਾਂ ਦੀ ਹੁੰਦੀ ਹੈ...

ਮਜ਼ਹਬ ਦੇ ਚੰਨ ਨੂੰ ਜਦੋਂ ਫ਼ਿਰਕਾਪ੍ਰਸਤੀ ਦਾ ਗ੍ਰਹਿਣ ਲਗਦਾ ਹੈ, ਤਾਂ ਅਸਮਾਨ ਦੀ ਆਤਮਾ ਕਿਵੇਂ ਤੜਪਦੀ ਹੈ, ਇਹ ਚੇਤਨਾ ਆਪਣੀ ਤਰ੍ਹਾਂ ਦੀ ਹੁੰਦੀ ਹੈ...

ਤੇ ਸਿਆਸਤ ਦੇ ਸੂਰਜ ਨੂੰ ਜਦੋਂ ਸੱਤਾ ਦੀ ਹਵਸ ਦਾ ਗ੍ਰਹਿਣ ਲਗਦਾ ਹੈ, ਤਾਂ ਧਰਤੀ ਦੀ ਆਤਮਾ ਕਿਵੇਂ ਵਿਲਕਦੀ ਹੈ, ਇਹ ਚੇਤਨਾ ਆਪਣੀ ਤਰ੍ਹਾਂ ਦੀ ਹੁੰਦੀ ਹੈ...

ਦੁਨੀਆਂ ਦੇ ਅਦਬੀ ਇਤਿਹਾਸ ਨੂੰ ਦਰਦ ਦੇ ਮੋਤੀ ਮਿਲਦੇ ਹਨ, ਪਰ ਕੋਈ ਨਹੀਂ ਜਾਣਦਾ ਕਿ ਕਿਸੇ ਕਲਮ ਵਾਲੇ ਦੀ ਚੇਤਨਾ ਨੂੰ ਜ਼ਿੰਦਗੀ ਦੇ ਕਿੰਨੇ ਗ੍ਰਹਿਣ ਵੇਖਣੇ ਤੇ ਝੱਲਣੇ ਪੈਂਦੇ ਹਨ...

ਚੰਨ ਸੂਰਜ ਦਾ ਕੁਝ ਹਿੱਸਾ ਸਾਡੀਆਂ ਅੱਖਾਂ ਵਿਚੋਂ ਗੁਆਚ ਜਾਣ ਦੀ ਘਟਨਾ ਨਫ਼ਸੀ ਸਤਹ ਉੱਤੇ, ਸਾਈਕਿਕ ਸਤਹ ਉੱਤੇ, ਉਦੋਂ ਵੀ ਘਟਦੀ ਹੈ, ਜਦੋਂ ਰਿਸ਼ਤਿਆਂ ਦੀ ਤੋੜ ਭੰਨ ਨਾਲ ਵਿਸ਼ਵਾਸ ਦੀ ਜ਼ਮੀਨ ਪੈਰਾਂ ਹੇਠੋਂ ਹਿੱਲ ਜਾਂਦੀ ਹੈ...

ਅਸਮਾਨ ਦੇ ਚੰਨ ਨੂੰ ਉਦੋਂ ਵੀ ਗ੍ਰਹਿਣ ਲਗਦਾ ਹੈ, ਜਦੋਂ ਫ਼ਿਰਕਾਪ੍ਰਸਤੀ ਦੇ ਹੱਥ, ਰੂਹਾਂ ਦੇ ਬਲਦੇ ਚਿਰਾਗ਼ ਬੁਝਾ ਦੇਂਦੇ ਹਨ...

ਤੇ ਅਸਮਾਨ ਦੇ ਸੂਰਜ ਨੂੰ ਉਦੋਂ ਵੀ ਗ੍ਰਹਿਣ ਲਗਦਾ ਹੈ, ਜਦੋਂ ਸੱਤਾ ਦੀ ਹਵਸ ਕਾਲੀ ਘਟਾ ਵਾਂਗ ਉਠਦੀ ਹੈ, ਤੇ ਲੋਕਾਂ ਕੋਲੋਂ ਆਪਣੇ ਘਰਾਂ ਵੇਹੜਿਆਂ ਦਾ ਚਾਨਣ ਵੀ ਗੁਆਚ ਜਾਂਦਾ ਹੈ...

ਮਾਨਸਿਕ ਸ਼ਕਤੀਆਂ ਦਾ ਵਿਗਿਆਨ ਜਿੰਨ੍ਹਾਂ ਨੇ ਜਾਣਿਆ ਹੈ, ਮੋਤੀ ਦੇ ਰੰਗ ਨੂੰ ਪਛਾਣਿਆ ਹੈ, ਤੱਤ ਨੂੰ ਪਛਾਣਿਆ ਹੈ, ਤਾਸੀਰ ਨੂੰ ਪਛਾਣਿਆ ਹੈ, ਉਹ ਕਹਿੰਦੇ ਹਨ— "ਜੇ ਚੰਨ ਦੇ ਰੰਗ ਦਾ ਮੋਤੀ ਹੋਵੇ, ਉਹਦਾ ਦੇਵਤਾ ਇੰਦ੍ਰ ਹੁੰਦਾ ਹੈ। ਮੋਤੀ ਦਾ ਰੰਗ ਪੀਲਾ ਹੋਵੇ ਤਾਂ ਉਹਦਾ ਦੇਵਤਾ ਵਰੁਣ ਹੁੰਦਾ ਹੈ। ਪੱਕੇ ਹੋਏ ਅਨਾਰ ਦੇ ਦਾਣੇ ਵਾਂਗ ਜੇ ਮੋਤੀ ਦਾ ਰੰਗ ਸੁਰਖ਼ ਹੋਵੇ ਤਾਂ ਉਹਦਾ ਦੇਵਤਾ ਵਾਯੂ ਹੁੰਦਾ ਹੈ। ਜੇ ਉਹਦਾ ਰੰਗ ਦੀਵੇ ਦੀ ਲਾਟ ਵਾਂਗ ਚਮਕਦਾ ਹੋਵੇ, ਤਾਂ ਉਸ ਮੋਤੀ ਦਾ ਦੇਵਤਾ ਅਗਨੀ ਹੁੰਦਾ ਹੈ। ਤੇ ਜੇ ਮੋਤੀ ਦਾ ਰੰਗ ਗੂੜ੍ਹਾ, ਸਿਆਹੀ ਮਾਇਲ ਹੋਵੇ, ਤਾਂ ਉਹਦਾ ਦੇਵਤਾ ਯਮ ਹੁੰਦਾ ਹੈ..."

ਦਰਦ ਦੇ ਕਿੰਨੇ ਰੰਗ ਹੁੰਦੇ ਹਨ, ਤੇ ਇਹਨਾਂ ਨੂੰ ਧਾਰਣ ਕਰਨ ਵਾਲਾ, ਰੱਬ ਜਾਣੇ, ਕਿੰਨੇ ਰੰਗ ਝੱਲਦਾ ਹੈ, ਤੇ ਕਿੰਨੇ ਦੇਵਤੇ ਝੱਲਦਾ ਹੈ...

ਕਹਿ ਸਕਦੀ ਹਾਂ ਕਿ ਮੈਂ ਅਜ ਤਕ ਜੋ ਵੀ ਲਿਖਿਆ ਹੈ, ਉਹ ਇਹ ਲੰਬੀ ਗ੍ਰਹਿਣ-ਗਾਥਾ ਹੈ...

## ਅਗਿਆਤ ਦਾ ਬੁਲਾਵਾ

ਕਲਪ ਬਿਰਛ ਦੀ ਛਾਵੇਂ ਬਹਿਕੇ—
ਕਾਮਧੇਨ ਦਾ ਦੁੱਧ ਪਸਮਿਆ,
ਕਿਸ ਨੇ ਭਰੀਆਂ ਦੋਹਣੀਆਂ
ਕਿਹੜਾ ਸੁਣੇ ਹਵਾ ਦੇ ਹਉਕੇ—
ਚਲ ਨੀ ਜਿੰਦੇ ! ਚੱਲੀਏ,
ਸਾਨੂੰ ਸੱਦਣ ਆਈਆਂ ਹੋਣੀਆਂ...

ਕੋਈ ਗੱਲ ਕੀਤੀ ਜਾ ਸਕਦੀ ਹੈ, ਤਾਂ ਉਸ ਘੜੀ ਦੀ ਜਦੋਂ ਹੋਣੀ ਸੱਦਣ ਔਂਦੀ ਹੈ। ਮੁਹੱਬਤ ਤਾਂ ਰੱਬ ਵਾਂਗ ਅਗਿਆਤ ਦਾ ਨਾਂ ਹੈ, ਉਹਦੀ ਗੱਲ ਜਿੰਨੀ ਕੁ ਇਸ਼ਾਰਿਆਂ ਵਿਚ ਉਤਰਦੀ ਹੈ, ਉਹ ਸੁਲਤਾਨ ਬਾਹੂ ਦੀ 'ਹੂ' ਹੈ...

ਸੁਲਤਾਨ ਬਾਹੂ ਕੋਸ਼ਿਸ਼ ਕਰਦਾ ਹੈ, ਚੰਬੇ ਦੀ ਉਸ ਬੂਟੀ ਦੀ ਗੱਲ ਕਹਿਣ ਦੀ, ਜੋ ਮਨ ਦੀ ਮਿੱਟੀ ਵਿਚ ਉਗਦੀ ਹੈ, ਏਨਾ ਕੁ ਕਹਿੰਦਾ ਵੀ ਹੈ ਕਿ 'ਨਫ਼ੀ ਅਸਬਾਤ ਦਾ ਪਾਣੀ ਮਿਲਿਆ'—ਯਾਨਿ ਹਾਂ ਦਾ ਪਾਣੀ ਵੀ ਮਿਲ਼ਿਆ, ਨਾਂਹ ਦਾ ਵੀ, ਪਰ ਇਹ ਸੰਕੇਤ ਅਗਿਆਤ ਵੱਲ ਨਹੀਂ, ਹੋਣੀ ਦੇ ਸੱਦੇ ਵੱਲ ਹੈ, ਜਿਹਨੂੰ ਸੁਣ ਕੇ ਕੋਈ ਅਗਿਆਤ ਦੇ ਰਾਹ ਪੈ ਜਾਂਦਾ ਹੈ—

ਇਹ ਇਕ ਬੀਜ ਦੇ ਖਿੜਣ ਦੀ ਯਾਤ੍ਰਾ ਹੈ, ਜਿੱਥੇ 'ਹਾਂ' ਦਾ ਪਾਣੀ ਨਸੀਬ ਹੋਇਆ ਤਾਂ ਕਦਮ ਤਿੱਖੇ ਪੈਣ ਲੱਗ ਪਏ, 'ਨਾਂਹ' ਦਾ ਪਾਣੀ ਮਿਲਿਆ ਤਾਂ ਕਦਮ ਠਠੰਬਰ ਗਏ...

ਪਰ ਜਦੋਂ ਬੀਜ ਖਿੜ ਗਿਆ, ਇਕ ਮਹਿਕ ਆਪਣੇ ਅੰਤਰ ਵਿਚ ਖੇਡਣ ਲੱਗ ਪਈ, ਤਾਂ ਕੁਝ ਕਹਿਣਾ ਚਾਹ ਕੇ ਵੀ ਉਹ ਕੁਝ ਨਹੀਂ ਕਹਿ ਸਕਦਾ। ਜਦੋਂ ਮਹਿਕ

ਨਾਲ ਬਉਰਾ ਹੋ ਜਾਂਦਾ ਹੈ, ਤਾਂ ਉਹਦੇ ਹੋਠਾਂ ਵਿਚੋਂ ਸਿਰਫ਼ "ਹੂ" ਨਿਕਲਦਾ ਹੈ, ਜੋ ਕਣ ਕਣ ਵਿਚ ਤਰੰਗਿਤ ਹੋ ਜਾਂਦਾ ਹੈ...

ਇਸ ਯਾਤ੍ਰਾ ਦੇ ਅਰਥ ਨੂੰ ਮੀਰਾ ਦੀ ਆਵਾਜ਼ ਵਿਚ ਵੀ ਕੁਝ ਪਛਾਣਿਆ ਜਾ ਸਕਦਾ ਹੈ, ਜਦੋਂ ਉਹ ਕਹਿੰਦੀ ਹੈ—ਲਾਖ ਚੌਰਾਸੀ ਰੋ ਚੂੜਲੋ, ਪੀਅਰੋ ਮੈਂ ਕਈ ਬਾਰ—ਤੇ ਨਾਲ ਹੀ ਆਖਦੀ ਹੈ—ਜਨਮ ਜਨੰਮ ਕੀਆ ਪਤੀ ਕੇਤਾ, ਓ ਤੋ ਪਤੀ ਦੇਹੀ ਕੇ ਸੰਗੀ...

ਤੇ ਜਿਹਨੂੰ ਲੱਭਣਾ ਸੀ, ਨਹੀਂ ਲੱਭਿਆ, ਤਾਂ ਮੀਰਾ ਆਖਦੀ ਹੈ—ਮੈਂ ਕੰਵਾਰੀ ਯੂੰ ਰਹੀ...

ਉਹੀ ਜੋ ਜਨਮ ਜਨਮ ਦਾ ਚੂੜਾ ਪਾ ਕੇ, ਹਰ ਦੇਹ ਵਿਚੋਂ ਗੁਜ਼ਰਦਿਆਂ ਕੁਝ 'ਕੁਆਰਾ' ਰਹਿ ਜਾਂਦਾ ਹੈ, ਉਹ ਬਿਰਹਾ ਹੈ, ਯਾਤ੍ਰਾ ਦੀ ਵੇਦਨਾ ਹੈ...

ਮੀਰਾ ਦੇ ਪੈਰ ਜਦੋਂ ਅਗਿਆਤ ਵਿਚ ਉਤਰ ਗਏ, ਤਾਂ ਗੱਲ—ਨਾਚ ਦੇ ਘੁੰਗਰੂਆਂ ਵਿਚ ਉਤਰ ਗਈ। ਪਰ ਨਾਚ ਦੇ ਘੁੰਗਰੂਆਂ ਕੋਲੋਂ ਕੁਝ ਪੁੱਛਿਆ ਜਾਂ ਦੱਸਿਆ ਨਹੀਂ ਜਾ ਸਕਦਾ...

ਮੈਂ ਨਹੀਂ ਸਾਂ ਜਾਣਦੀ ਕਿ ਗਿਆਤ ਦੀ ਸੀਮਾ ਕਿੱਥੇ ਹੈ ? ਤੇ ਜੋ ਕੁਝ ਸੀਮਾ ਤੋਂ ਅੱਗੇ ਹੈ, ਉਹ ਕੀ ਹੈ ? ਸਿਰਫ਼ ਏਨਾ ਕੁ ਜਾਣ ਸਕੀ ਕਿ ਜੋ ਸੀਮਾ ਤੋਂ ਅੱਗੇ ਹੈ, ਉਥੋਂ ਕੋਈ ਸੰਕੇਤ ਮਿਲਦੇ ਹਨ, ਜੋ ਮੇਰੀ ਪਕੜ ਵਿਚ ਨਹੀਂ ਔਂਦੇ।

ਬਹੁਤ ਛੋਟੀ ਸਾਂ, ਬੱਚੀ ਜਹੀ, ਜਦੋਂ ਤਰਕਾਲਾਂ ਵੇਲੇ ਸੂਰਜ ਮੇਰੀਆਂ ਅੱਖਾਂ ਅੱਗੋਂ ਓਝਲ ਹੋ ਰਿਹਾ ਹੁੰਦਾ, ਤਾਂ ਮੈਂ ਰੋਣ ਲੱਗ ਪੈਂਦੀ। ਮਾਂ ਦਾ ਪੱਲਾ ਖਿਚਦੀ, ਵਿਲਕਦੀ, ਤੇ ਪੁਛਦੀ ਕਿ ਸੂਰਜ ਕਿੱਥੇ ਚਲਾ ਗਿਆ ? ਮਾਂ ਹੱਸ ਪੈਂਦੀ, ਆਖਦੀ—ਤੂੰ ਰੋਟੀ ਖਾ ਲੈ, ਸੌਂ ਜਾ, ਜਦੋਂ ਜਾਗੇਂਗੀ ਤਾਂ ਸੂਰਜ ਆ ਜਾਏਗਾ। ਤੇ ਮੈਂ ਕਹਿੰਦੀ—ਪਰ ਉਹ ਗਿਆ ਕਿਉਂ ?

ਜਾਪਦਾ ਸੀ—ਸਾਹਮਣੇ ਇਕ ਹਨੇਰਾ ਵਿਛ ਗਿਆ ਹੈ, ਪਤਾ ਨਹੀਂ ਕਿੰਨਾ ਕੁ, ਜਿਹਦੇ ਵਿਚ ਮੈਂ ਗੁਆਚ ਜਾਵਾਂਗੀ...

ਰਾਤ ਇੰਜ ਲਗਦੀ ਸੀ ਕਿ ਹਨੇਰੇ ਦਾ ਇਕ ਦਰਿਆ ਵਗਦਾ ਪਿਆ ਹੈ, ਮੈਂ ਇਸ ਕੰਢੇ ਉਤੇ ਹਾਂ, ਤੇ ਸੂਰਜ ਕਿਤੇ ਦਰਿਆ ਦੇ ਉਸ ਪਾਰ ਚਲਾ ਗਿਆ ਹੈ। ਪਤਾ ਨਹੀਂ ਕਿੱਥੇ, ਤੇ ਮੈਂ ਇੱਥੇ ਹੀ ਖਲੋਤੀ ਰਹਿ ਜਾਵਾਂਗੀ, ਕਦੇ ਉਸ ਪਾਰ ਨਹੀਂ ਜਾ ਸਕਾਂਗੀ...

ਤੇ ਯਾਦ ਔਂਦਾ ਹੈ—ਜਦੋਂ ਬਚਪਣ ਵਿਦਾ ਹੋ ਰਿਹਾ ਸੀ, ਜਾਪਿਆ, ਮੇਰਾ "ਮੈਂ" ਮੇਰੇ ਹੱਥਾਂ ਵਿਚੋਂ ਛੁਟਕ ਰਿਹਾ ਸੀ...

ਉਸ ਅਜਾਣੀ ਜਹੀ ਉਮਰ ਵਿਚ, ਕਿਸੇ ਅਗਿਆਤ ਦਾ ਇਹ ਤਕਾਜ਼ਾ ਕਿਉਂ ਸੀ, ਮੈਂ ਕਦੇ ਨਹੀਂ ਜਾਣ ਸਕੀ...

ਉਹਨਾਂ ਦਿਨਾਂ ਵਿਚ ਇਕ ਨਜ਼ਮ ਲਿਖੀ ਸੀ, ਕਿਨਾਰੇ ਨੂੰ ਮੁਖ਼ਾਤਬ ਹੋ ਕੇ—

ਕੰਢਿਆ ਵੇ ਖੋਲ੍ਹੀਂ ਗੱਲਵਕੜੀ
ਅਸਾਂ ਭਰ ਲਹਿਰਾਂ ਵਿਚ ਜਾਣਾ...

ਪੌਣਾਂ ਦੇ ਪੈਰਾਂ ਵਿਚ ਚੱਕਰ
ਭਾਲਣ ਕਿਵੇਂ ਟਿਕਾਣਾ...
ਰਾਹ ਮੋਕਲੇ ਰਿਸ਼ਤੇ ਭੀੜੇ
ਹੁੱਸੜਿਆ ਹੁੱਸੜਿਆ ਜੀਅ
ਮੂੰਹ ਗੁਆਚੇ ਹੋਏ ਨਾ ਲੱਭਣ
ਰੇਤ ਸਮੇਂ ਦੀ ਛਾਣਾਂ...

ਜਾਪਦਾ ਸੀ—ਕੰਢੇ ਤੇ ਬੈਠੀ ਸਮੇਂ ਦੀ ਰੇਤ ਛਾਣ ਰਹੀ ਹਾਂ, ਪਰ ਜੋ ਗੁਆਚ ਗਿਆ ਹੈ, ਉਹ ਲੱਭਦਾ ਨਹੀਂ ! ਉਹ ਕੀ ਸੀ, ਜੋ ਗੁਆਚ ਗਿਆ ਸੀ, ਮੈਂ ਉਹਦਾ ਕੋਈ ਨਾਂ ਨਹੀਂ ਸਾਂ ਰੱਖ ਸਕਦੀ...

ਵੱਡੀ ਹੋਈ, ਮਨ ਦੀ ਮਿੱਟੀ ਵਿਚੋਂ ਮੁਹੱਬਤ ਦੀ ਪਹਿਲੀ ਪੱਤੀ ਉੱਗ ਪਈ ਤਾਂ ਜਾਪਿਆ—ਮੈਂ ਲੋਹੇ ਦੇ ਇਕ ਟੁਕੜੇ ਵਾਂਗ ਉਸ ਚਕਮਾਕ ਪੱਥਰ ਵੱਲ ਖਿੱਚੀ ਜਾ ਰਹੀ ਸਾਂ...

ਉਹ ਵੇਲਾ ਅੰਦਰੋਂ ਦੀ ਟੁੱਟ ਜਾਣ ਦਾ ਸੀ। ਇਕ ਟੁਕੜਾ 'ਮੈਂ' ਚਕਮਾਕ ਪੱਥਰ ਵੱਲ ਤੁਰਦਾ ਰਿਹਾ, ਤੇ ਇਕ ਟੁਕੜਾ 'ਮੈਂ' ਦਰੋ ਦੀਵਾਰ ਦੇ ਸਾਏ ਵਿਚ ਬੈਠਾ ਰਿਹਾ...

ਸਿਰਫ਼ ਮੇਰੀਆਂ ਨਜ਼ਮਾਂ ਸਨ, ਜੋ ਕਾਗਜ਼ਾਂ ਉਤੇ ਉਤਰਦੀਆਂ ਰਹੀਆਂ, ਤੇ ਕਾਗਜ਼ ਹਵਾ ਵਿਚ ਖਿੰਡਦੇ ਰਹੇ...

ਅਗਿਆਤ ਦੀ ਯਾਤ੍ਰਾ ਮੀਲਾਂ ਦੇ ਮੀਲ ਉਸ ਵੀਰਾਨੀ ਦੀ ਯਾਤ੍ਰਾ ਹੁੰਦੀ ਹੈ, ਜਿਹਦੇ ਵਿਚ ਬਿਰਹਾ ਦੇ ਜੰਗਲੀ ਫੁੱਲ ਤਾਂ ਖਿੜਦੇ ਹਨ, ਹੋਰ ਕੁਝ ਨਹੀਂ ਉਗਦਾ...

ਇਹ ਤਲਬ ਕੀ ਹੈ, ਇਹ ਪਿਆਸ ਕੀ ਹੈ, ਇਹਦਾ ਅੰਦਾਜ਼ਾ ਫ਼ਾਰਸੀ ਦੇ ਇਕ ਸ਼ੇਅਰ ਤੋਂ ਲਾਇਆ ਜਾ ਸਕਦਾ ਹੈ ਕਿ ਰੇਗਿਸਤਾਨ ਵਿਚ ਜੋ ਲੋਕ ਚਮਕਦੀ ਰੇਤ ਨੂੰ ਵੇਖਕੇ ਪਾਣੀ ਦਾ ਭੁਲੇਖਾ ਨਹੀਂ ਖਾਂਦੇ, ਉਹ ਦਾਨਸ਼ਮੰਦ ਹੋਣਗੇ, ਪਰ ਉਹਨਾਂ ਦੀ ਪਿਆਸ ਵਿਚ ਜ਼ਰੂਰ ਕਸਰ ਹੋਵੇਗੀ—

ਉਦੋਂ ਹੋਰ ਕੁਝ ਨਹੀਂ, ਪਰ ਏਨਾ ਜਾਣ ਸਕੀ ਕਿ ਮੇਰੀ ਪਿਆਸ ਵਿਚ ਕੋਈ ਕਸਰ ਨਹੀਂ ਸੀ—

ਵਰ੍ਹਿਆਂ ਦੇ ਰੇਗਿਸਤਾਨ ਵਿੱਚ ਜਦੋਂ ਇਕ ਦਿਨ ਮੁਹੱਬਤ ਕਿਸੇ ਦੇ ਨਕਸ਼ਾਂ ਵਿੱਚ ਧੜਕਣ ਲੱਗ ਪਈ ਤਾਂ ਜਾਪਿਆ—ਅਗਿਆਤ ਦਾ ਬੁਲਾਵਾ ਮਿਲਿਆ ਹੈ। ਤੇ ਜਦੋਂ ਬੁਲਾਵਾ ਮਿਲ ਗਿਆ ਤਾਂ ਜਾਪਿਆ—ਹੁਣ ਅਗਿਆਤ ਵੱਲ ਜਾਣਾ ਹੀ ਹੋਵੇਗਾ...

ਰਾਤ ਕੁੜੀ ਨੇ ਦਾਅਵਤ ਦਿੱਤੀ
ਤਾਰੇ ਜੀਕਣ ਚੌਲ ਛੜੀਂਦੇ
ਕਿਸ ਨੇ ਦੇਗਾਂ ਚਾੜ੍ਹੀਆਂ
ਕਿਸ ਨੇ ਆਂਦੀ ਚੰਨ ਸੁਰਾਹੀ
ਚਾਨਣ ਘੁੱਟ ਸ਼ਰਾਬ ਦਾ
ਤੇ ਅੰਬਰ ਅੱਖਾਂ ਗਾੜ੍ਹੀਆਂ

ਜ਼ਿੰਦਗੀ ਵਿਚ ਇਹੋ ਜਿਹਾ ਬੁਲਾਵਾ ਮਿਲ ਜਾਣਾ, ਇਕ ਬਹੁਤ ਵੱਡੀ ਘਟਨਾ ਹੁੰਦੀ ਹੈ। ਫੇਰ ਗਿਆਤ ਦੀ ਸੀਮਾ ਕਦੋਂ ਛੁੱਟ ਗਈ, ਕਿਸ ਤਰ੍ਹਾਂ ਛੁੱਟ ਗਈ, ਮੈਂ ਨਹੀਂ

ਜਾਣਦੀ, ਕੁਝ ਵੀ ਪਕੜ ਵਿਚ ਨਹੀਂ ਔਂਦਾ। ਸਿਰਫ਼ ਏਨਾ ਜਾਣਿਆ ਕਿ ਪੈਰਾਂ ਵਿਚ ਤਿਲਮਿਲਾਹਟ ਸੀ, ਅਗਿਆਤ ਦੇ ਰਾਹ ਉਤੇ ਤੁਰ ਪੈਣ ਦੀ...

ਰੱਬ ਜਾਣੇ, ਉਹ ਕਿਹੜੀ ਰਾਤ ਹੁੰਦੀ ਹੈ, ਜੋ ਕਿਸੇ ਸੁਪਨੇ ਦਾ ਮੱਥਾ ਚੁੰਮ ਲੈਂਦੀ ਹੈ, ਤੇ ਫੇਰ ਖ਼ਿਆਲਾਂ ਦੇ ਪੈਰਾਂ ਵਿਚ ਇਕ ਝਾਂਜਰ ਜਿਹੀ ਵੱਜਣ ਲੱਗ ਪੈਂਦੀ ਹੈ...

ਤੇ ਇਹੀ ਮੀਰਾ ਦੇ ਘੁੰਗਰੂ ਹਨ, ਜਿੰਨ੍ਹਾਂ ਕੋਲੋਂ ਕੁਝ ਪੁੱਛਿਆ ਦੱਸਿਆ ਨਹੀਂ ਜਾ ਸਕਦਾ...

ਸਿਰ ਉਤੇ ਜਦੋਂ ਵਰ੍ਹਿਆਂ ਦੇ ਬੱਦਲ ਟਕਰਾਂਦੇ ਹਨ, ਕਣੀ ਕਣੀ ਟੁਟਦੇ ਹਨ, ਤੇ ਕਦੇ ਉਹਨਾਂ ਦੀ ਛਾਤੀ ਵਿਚੋਂ ਬਿਜਲੀ ਵੀ ਕੜਕ ਜਾਂਦੀ ਹੈ, ਉਸ ਵੇਲੇ ਮਨ ਦੀ ਮਿੱਟੀ ਵਿਚ ਪਏ ਹੋਏ ਜਨਮਾਂ ਜਨਮਾਂ ਦੇ ਬੀਜ ਪਤਾ ਨਹੀਂ ਕਿੰਨੇ ਕੁ ਸਹਿਮਦੇ, ਸੁੱਕਦੇ ਤੇ ਭਿੱਜਦੇ ਹਨ...

ਤੇ ਜਿਹੜੇ ਬੀਜ ਮੌਲ ਜਾਂਦੇ ਹਨ, ਰੁੱਖ ਬਣਦੇ ਹਨ, ਤੇ ਵਗਦੀਆਂ ਵਾਵਾਂ ਉਹਨਾਂ ਦੇ ਬੂਰ ਪੱਤੇ ਤੇ ਉਹਨਾਂ ਦੇ ਫਲ ਫੁੱਲ ਰੁੱਖਾਂ ਨਾਲੋਂ ਝਾੜ ਦੇਂਦੀਆਂ ਹਨ, ਮੈਂ ਅੱਜ ਤਕ ਜੋ ਲਿਖਿਆ ਹੈ—ਉਹਨਾਂ ਸਾਰੇ ਅੱਖਰਾਂ ਨੂੰ ਉਹਨਾਂ ਰੁੱਖਾਂ ਨਾਲੋਂ ਝੜੇ ਹੋਏ ਬੂਰ ਪੱਤੇ ਮੰਨਦੀ ਹਾਂ...

ਇਹੋ ਅਹਿਸਾਸ ਇਕ ਨਜ਼ਮ ਵਿਚ ਉਤਰਿਆ ਸੀ—

ਚੁੱਪ ਦੇ ਇਸ ਰੁੱਖ ਨਾਲੋਂ ਮੈਂ ਅੱਖਰ ਨਹੀਂ ਤੋੜੇ
ਇਹ ਤਾਂ ਜੋ ਰੁੱਖ ਨਾਲੋਂ ਝੜੇ ਸਨ—
ਮੈਂ ਉਹੀ ਅੱਖਰ ਚੁਣੇ ਹਨ..........

ਗੋਰਖ-ਵਾਣੀ ਦੀਆਂ ਤੈਹਾਂ ਵਿਚ ਉਤਰਦੇ ਰਜਨੀਸ਼ ਇਕ ਵਾਰਤਾ ਸੁਣਾਂਦੇ ਹਨ, ਉਸ ਕਾਲ ਦੀ ਜਦੋਂ ਰੱਬ ਨੇ ਇਨਸਾਨੀ ਨਸਲ ਬਣਾ ਲਈ, ਤਾਂ ਉਹ ਵੀ ਲੋਕਾਂ ਦੀ ਵਾਦੀ ਵਿਚ ਵੱਸ ਗਿਆ। ਲੋਕਾਂ ਨੂੰ ਕੋਈ ਨਿੱਕੀ ਜਿਹੀ ਲੋੜ ਵੀ ਹੁੰਦੀ, ਕੋਈ ਮਾੜੀ ਜਿਹੀ ਗਰਜ਼, ਉਹ ਰੱਬ ਦਾ ਬੂਹਾ ਆ ਖੜਕਾਂਦੇ। ਉਹਨਾਂ ਲਈ ਵੇਲਾ ਕੁਵੇਲਾ ਵੀ ਨਹੀਂ ਸੀ, ਤੇ ਮੰਗਾਂ ਵੀ ਅਜਿਹੀਆਂ, ਜੋ ਇਕ ਦੂਜੀ ਨਾਲ ਟਕਰਾਂਦੀਆਂ ਸਨ—ਕੋਈ ਆਖਦਾ—ਰੱਬ ਜੀ ਮੈਂ ਅੱਜ ਕੱਪੜੇ ਰੰਗਣੇ ਨੇ, ਸੁਕਾਂਣੇ ਨੇ, ਏਸ ਲਈ ਧਿਆਨ ਰੱਖਣਾ ਕਿ ਅੱਜ ਬੱਦਲ ਨਾ ਔਣ, ਕਣੀ ਨਾ ਵੱਸੇ। ਕੋਈ ਦੂਜਾ ਆਖਦਾ—ਰੱਬ ਜੀ ! ਅੱਜ ਮੀਂਹ ਪੁਆ ਦਿਉ, ਮੈਂ ਖੇਤ ਵਿਚ ਬੀਜ ਪਾਇਆ ਏ, ਕਿਤੇ ਸੁੱਕ ਨਾ ਜਾਏ, ਉਹਨੂੰ ਪਾਣੀ ਦਾ ਛੱਟਾ ਮਿਲਣਾ ਚਾਹੀਦਾ ਏ..............

ਤੇ ਇਹੋ ਜਿਹੀਆਂ ਮੰਗਾਂ ਨਾਲ ਰੱਬ ਦਾ ਸਿਰ ਚਕਰਾ ਗਿਆ, ਉਹਨੇ ਇਕ ਦਿਨ ਥੱਕ ਕੇ ਦੇਵਤਿਆਂ ਨੂੰ ਬੁਲਾਇਆ, ਸਲਾਹ ਪੁੱਛੀ ਕਿ ਦੱਸੋ ਮੈਂ ਕਿੱਥੇ ਚਲਾ ਜਾਵਾਂ, ਮਨ ਕਰਦਾ ਏ—ਹਿਮਾਲਯ ਦੀ ਸਿਖ਼ਰ ਤੇ ਚਲਾ ਜਾਵਾਂ, ਜਿਥੇ ਕੋਈ ਨਾ ਅੱਪੜੇ....ਮੈਂ ਤਾਂ ਬੜਾ ਪਛਤਾਇਆ ਇਹ ਬੰਦੇ ਦੀ ਨਸਲ ਬਣਾ ਕੇ...ਉਸ ਵੇਲੇ ਦੇਵਤੇ ਧਿਆਨ ਮਗਨ ਹੋਏ, ਔਂਦੇ ਕਾਲ ਨੂੰ ਵੇਖਿਆ, ਤੇ ਆਖਣ ਲੱਗੇ—'ਹਿਮਾਲਯ ਦੀ ਚੋਟੀ ਸਰ ਕਰਨ ਲਈ ਵੀ ਕੋਈ ਪਹੁੰਚਣ ਵਾਲਾ ਏ। ਕੋਈ ਇਕ ਵਾਰੀ ਪਹੁੰਚ ਗਿਆ, ਤਾਂ ਯੰਤ੍ਰਾਂ ਦੀ ਮਦਦ ਨਾਲ ਕਈ ਪਹੁੰਚ ਜਾਣਗੇ—ਉਥੇ ਵੀ ਸਰਾਵਾਂ ਬਣ ਜਾਣਗੀਆਂ, ਹੋਟਲ ਖੁੱਲ੍ਹ ਜਾਣਗੇ...'

ਉਸ ਵੇਲੇ ਰੱਬ ਨੇ ਕਿਹਾ—ਫੇਰ ਚੰਦ੍ਰਮਾਂ ਉੱਤੇ ਟੁਰ ਜਾਵਾਂ ? ਦੇਵਤੇ ਫੇਰ ਧਿਆਨ ਮਗਨ ਹੋਏ, ਕਹਿਣ ਲੱਗੇ—ਤਕਨੀਕ ਦੀ ਮਦਦ ਨਾਲ ਉਥੇ ਵੀ ਲੋਕ ਪਹੁੰਚਣ ਵਾਲੇ ਨੇ....

ਰੱਬ ਬੜਾ ਉਦਾਸ ਸੀ, ਜਿਸ ਵੇਲੇ ਇਕ ਬਜ਼ੁਰਗ ਦੇਵਤੇ ਨੇ ਰੱਬ ਦੇ ਕੋਲ ਹੋ ਕੇ ਆਖਿਆ—"ਇਕ ਥਾਂ ਏ, ਜਿੱਥੇ ਬੰਦੇ ਨੇ ਕਦੇ ਨਹੀਂ ਪਹੁੰਚਣਾ—ਤੇ ਉਹ ਥਾਂ ਬੰਦੇ ਦੇ ਅੰਦਰ ਏ, ਤੁਸੀਂ ਉਥੇ ਰਹਿ ਜਾਵੋ। ਬੰਦੇ ਨੇ ਹਮੇਸ਼ਾਂ ਬਾਹਰ ਵੱਲ ਨੂੰ ਭਟਕਣਾ ਏਂ, ਆਪਣੇ ਅੰਦਰ ਕਦੇ ਨਹੀਂ ਉਤਰਣਾ..."

ਸੋ ਉਦੋਂ ਤੋਂ ਰੱਬ ਹਰ ਬੰਦੇ ਦੇ ਅੰਦਰ ਵਸਦਾ ਏ, ਜਿੱਥੇ ਉਹਨੂੰ ਬੰਦਾ ਵੇਖਦਾ ਹੀ ਨਹੀਂ। ਕਦੇ ਕੋਈ ਬੁੱਧ, ਕ੍ਰਿਸ਼ਨ, ਨਾਨਕ ਤੇ ਗੋਰਖ ਉਹਨੂੰ ਆਪਣੇ ਅੰਦਰ ਲੱਭ ਲੈਂਦੇ ਨੇ—ਪਰ ਉਹ ਤਾਂ ਵਸਲ ਦਾ ਵੇਲਾ ਹੁੰਦਾ ਏ। ਉਹਨਾਂ ਦੇ ਸੰਗ ਸਾਥ ਦੀ ਤਾਂ ਰੱਬ ਨੂੰ ਵੀ ਲੋੜ ਹੁੰਦੀ ਏ...

ਇਹ ਵਾਰਤਾ ਸੂਖਮ ਅਰਥਾਂ ਵਿੱਚ ਅਸਲੋਂ ਸਹੀ ਏ। ਸਾਰੀ ਇਨਸਾਨੀ ਨਸਲ ਬਾਹਰ ਵੱਲ ਭਟਕਦੀ ਪਈ ਏ, ਗੱਲ ਗੱਲ ਤੇ ਖਹਿਬੜਦੀ ਉਹ ਆਪੇ ਦੁਨੀਆਂ ਨੂੰ ਵਸਾਂਦੀ, ਤੇ ਆਪੇ ਉਜਾੜਦੀ ਪਈ ਏ...

1992 ਦਾ ਵਰ੍ਹਾ ਸੀ, 12 ਮਾਰਚ ਦੀ ਪ੍ਰਭਾਤ ਹੋਣ ਵਾਲੀ ਸੀ, ਜਿਸ ਵੇਲੇ ਮੈਨੂੰ ਨੀਂਦਰ ਦੀ ਤੈਹ ਵਿਚ ਉਤਰੀ ਹੋਈ ਨੂੰ, ਕਿਸੇ ਨੇ ਸੁਨੇਹਾ ਦਿੱਤਾ ਕਿ ਸਾਈਂ ਬਾਬਾ ਮੈਨੂੰ ਬੁਲਾ ਰਹੇ ਹਨ। ਮੈਂ ਹੈਰਾਨੀ ਨਾਲ ਬਉਰੀ ਜਿਹੀ ਹੋਈ ਨੇ ਪੁੱਛਿਆ—ਸ਼ਿਰੜੀ ਵਾਲੇ ਸਾਈਂ ਬਾਬਾ ? ਉਹਨਾਂ ਨੇ ਆਪ ਮੈਨੂੰ ਯਾਦ ਕੀਤਾ ਏ ?

ਮੈਂ ਜਾਂਦੀ ਹਾਂ, ਵੇਖਦੀ ਹਾਂ, ਸਾਹਮਣੇ ਇਕ ਮੱਠੇ ਜਹੇ ਹਨੇਰੇ ਵਿਚ ਸਾਈਂ ਬਾਬਾ ਬੈਠੇ ਹਨ, ਮੈਨੂੰ ਔਂਦੀ ਵੇਖ ਕੇ, ਮੇਰੇ ਵਲ ਤੱਕਦੇ ਹਨ, ਫੇਰ ਪੁਛਦੇ ਹਨ—'ਏਕ ਬਾਤ ਬਤਾਉ ! ਤੁਮ ਇਤਨੀ ਉਦਾਸ ਕਿਉਂ ਹੋ', ਮੈਂ ਉਥੇ ਖੜੀ ਹਾਂ, ਜਵਾਬ ਦੇਂਦੀ ਹਾਂ—'ਆਪ ਬਤਾਈਏ ਮੈਂ ਕਯਾ ਕਰੂੰ ? ਸਾਈਂ ਬਾਬਾ ! ਮੇਰੇ ਚਾਰੋਂ ਤਰਫ਼ ਝੂਠ ਫੈਲਾ ਹੂਆ ਹੈ...ਕੋਈ ਸੱਚ ਨਹੀਂ ਬੋਲਤਾ, ਮੈਂ ਕਯਾ ਕਰੂੰ ?'

ਉਹ ਖਾਮੋਸ਼ ਹੇਠਾਂ ਜ਼ਮੀਨ ਵਲ ਤੱਕਣ ਲੱਗ ਪੈਂਦੇ ਹਨ...

ਬਸ ਏਨਾ ਸੁਪਨਾ ਸੀ, ਪਰ ਜਾਣਿਆ ਕਿ ਕੋਈ ਦਰਦ ਖੋਰੇ ਕਿੰਨਾ ਕੁ ਮੇਰੀਆਂ ਰਗ਼ਾਂ ਵਿਚ ਉਤਰਿਆ ਹੋਇਆ ਹੈ ਕਿ ਸਾਈਂ ਬਾਬਾ ਨਾਲ ਮੁਲਾਕਾਤ ਦੀ ਘੜੀ ਆਈ, ਤਾਂ ਇਹੋ ਜਿਹੀ ਗ਼ਨੀਮਤ ਦੇ ਵੇਲੇ ਵੀ ਇਕ ਦਰਦ ਮੇਰੇ ਹੋਠਾਂ ਉਤੇ ਵਿਲਕਣ ਲੱਗ ਪਿਆ...ਜਾਪਿਆ—ਇਹ ਵੀ ਮੇਰੀ ਗ੍ਰਹਿਣ ਗਾਥਾ ਦਾ ਕਰਮ ਹੈ।

ਤੇ ਇਸ ਗ੍ਰਹਿਣ ਗਾਥਾ ਦੇ ਕਰਮ ਨੂੰ ਸਿਲਸਿਲੇਵਾਰ ਵੇਖਣ ਲਈ ਮੁਢਲੀਆਂ ਨਜ਼ਮਾ ਦਾ ਇਕ ਸੰਗ੍ਰਹਿ ਪੇਸ਼ ਕੀਤਾ ਸੀ। 'ਕਾਗਜ਼ ਤੇ ਕੈਨਵਸ' ਤੋਂ ਪਹਿਲਾਂ 'ਤੇ ਹੁਣ 1993 ਤਕ ਦੀਆਂ ਨਜ਼ਮਾਂ ਦਾ ਸੰਗ੍ਰਹਿ 'ਕਾਗਜ਼ ਤੇ ਕੈਨਵਸ' ਪੇਸ਼ ਹੈ।

**ਅੰਮ੍ਰਿਤਾ**
1993

# ਇਸ਼ਕ

ਕਮੀਨਾ......ਬੇਵਫ਼ਾ......ਬਦਜ਼ਾਤ......ਜ਼ਾਲਮ......
ਤੱਤਿਆ ! ਤੂੰ ਯਾਦ ਆਵੇਂ
ਤਾਂ ਕਿੰਨੇ ਹੀ ਲਫ਼ਜ਼—
ਮੇਰੀ ਛਾਤੀ ਦੀ ਅੱਗ ਚੱਟਦੇ,
ਅੱਗ ਥੁੱਕਦੇ, ਮੂੰਹੋਂ ਨਿਕਲਦੇ...

ਫਿਰ ਪਿੰਡੇ ਦਾ ਮਾਸ
ਜਦ ਵੱਤਰੀ ਮਿੱਟੀ ਦੀ ਤਰ੍ਹਾਂ ਹੁੰਦਾ
ਤਾਂ ਸਾਰੇ ਲਫ਼ਜ਼
ਮੇਰੇ ਸੁੱਕਿਆਂ ਹੋਠਾਂ ਤੋਂ ਝੜਦੇ
ਤੇ ਮਿੱਟੀ ਦੇ ਵਿਚ
ਬੀਆਂ ਦੀ ਤਰ੍ਹਾਂ ਡਿੱਗਦੇ...

ਮੈਂ ਹੜੀ ਹੋਈ ਧਰਤੀ ਦੀ ਤਰ੍ਹਾਂ
ਜਦ ਚੁੱਪ ਹੁੰਦੀ
ਤਾਂ ਚੰਦਰੇ, ਮੇਰੇ ਅੰਗਾਂ ਦੇ ਵਿੱਚੋਂ
ਉੱਗ ਪੈਂਦੇ
ਨਿਲੱਜੇ ਫੁੱਲਾਂ ਦੀ ਤਰ੍ਹਾਂ ਹੱਸਦੇ
ਤੇ ਮੈਂ, ਇਕ ਕਾਲੇ ਕੋਹ ਵਰਗੀ
ਮਹਿਕ ਮਹਿਕ ਜਾਂਦੀ



## ਇਕ ਟੋਟਾ ਧੁੱਪ ਦਾ

ਮੈਨੂੰ ਉਹ ਵੇਲਾ ਯਾਦ ਹੈ
ਜਦ ਇਕ ਟੋਟਾ ਧੁੱਪ ਦਾ
ਸੂਰਜ ਦੀ ਉਂਗਲ ਪਕੜ ਕੇ
ਨ੍ਹੇਰੇ ਦਾ ਮੇਲਾ ਵੇਖਦਾ
ਭੀੜਾਂ ਦੇ ਵਿਚ ਗੁਆਚਿਆ।

ਸੋਚਦੀ ਹਾਂ ਸਹਿਮ ਦਾ ਤੇ—
ਸੁੰਞ ਦਾ ਵੀ ਸਾਕ ਹੁੰਦਾ ਹੈ
ਮੈਂ ਜੁ ਇਸ ਦੀ ਕੁਝ ਨਹੀਂ
ਪਰ ਇਸ ਗੁਆਚੇ ਬਾਲ ਨੇ
ਇਕ ਹੱਥ ਮੇਰਾ ਫੜ ਲਿਆ।

ਤੂੰ ਕਿਤੇ ਲਭਦਾ ਨਹੀਂ
ਹੱਥ ਨੂੰ ਛੋਹਦਾ ਪਿਆ
ਨਿੱਕਾ ਤੇ ਤੱਤਾ ਇਕ ਸਾਹ,
ਨਾ ਹੱਥ ਦੇ ਨਾਲ ਪਰਚਦਾ
ਨਾ ਹੱਥ ਦਾ ਖਾਂਦਾ ਵਸਾਹ।

ਨ੍ਹੇਰਾ ਕਿਤੇ ਮੁੱਕਦਾ ਨਹੀਂ
ਮੇਲੇ ਦੇ ਰੌਲੇ ਵਿਚ ਵੀ
ਹੈ ਇਕ ਆਲਮ ਚੁੱਪ ਦਾ,
ਤੇ ਯਾਦ ਤੇਰੀ ਇਸ ਤਰ੍ਹਾਂ
ਜਿਉਂ ਇਕ ਟੋਟਾ ਧੁੱਪ ਦਾ।




## ਸਿਆਲ

ਜਿੰਦ ਮੇਰੀ ਠੁਰਕਦੀ,
ਹੋਠ ਨੀਲੇ ਹੋ ਗਏ,
ਤੇ ਆਤਮਾ ਦੇ ਪੈਰ ਵੱਲੋਂ
ਕੰਬਣੀ ਚੜ੍ਹਦੀ ਪਈ...

ਵਰ੍ਹਿਆਂ ਦੇ ਬੱਦਲ ਗਰਜਦੇ
ਇਸ ਉਮਰ ਦੇ ਅਸਮਾਨ 'ਤੇ
ਵੇਹੜੇ ਦੇ ਵਿਚ ਪੈਂਦੇ ਪਏ
ਕਾਨੂੰਨ, ਗੋਹੜੇ ਬਰਫ਼ ਦੇ...

ਗਲੀਆਂ ਦੇ ਚਿੱਕੜ ਲੰਘ ਕੇ
ਜੇ ਅੱਜ ਤੂੰ ਆਵੇਂ ਕਿਤੇ
ਮੈਂ ਪੈਰ ਤੇਰੇ ਧੋ ਦਿਆਂ,
ਬੁੱਤ ਤੇਰਾ ਸੂਰਜੀ
ਕੰਬਲ ਦੀ ਕੰਨੀ ਚੁੱਕ ਕੇ
ਮੈਂ ਹੱਡਾਂ ਦਾ ਠਾਰ ਭੰਨ ਲਾਂ...

ਇੱਕ ਕੌਲੀ ਧੁੱਪ ਦੀ
ਮੈਂ ਡੀਕ ਲਾ ਕੇ ਪੀ ਲਵਾਂ
ਤੇ ਇੱਕ ਟੋਟਾ ਧੁੱਪ ਦਾ
ਮੈਂ ਕੁੱਖ ਦੇ ਵਿਚ ਪਾ ਲਵਾਂ...



# ਇਕ ਘਟਨਾ

ਮੌਤ ਮੇਰੀ, ਇਕ ਗੱਲ ਚਰੋਕੀ...

ਕਈ ਵਾਰ ਮੈਂ ਉੱਠਾਂ...ਸੋਚਾਂ...
ਚੱਲਾਂ...ਫੁੱਲ ਪ੍ਰਵਾਹ ਆਵਾਂ ਮੈਂ
ਲਾਸ਼ ਦਾ ਕਰਜ਼ਾ ਲਾਹ ਆਵਾਂ ਮੈਂ...



ਹਰ ਘਟਨਾ ਸਮਝਾ ਸਕਦੀ ਹਾਂ
ਇਕ ਘਟਨਾ ਸਮਝਾ ਨਹੀਂ ਸਕਦੀ
ਲਾਸ਼ ਨੂੰ ਹੁੰਦੀ ਭੁੱਖ ਲਾਸ਼ ਦੀ
ਬਾਂਝ ਨਾ ਹੋਵੇ ਕੁੱਖ ਲਾਸ਼ ਦੀ


ਹਾਰੇ, ਕੁੱਖ ਲਾਸ਼ ਦੀ ਹਾਰੇ
ਮੋਈ ਕੁੱਖ ਨੂੰ ਮਮਤਾ ਮਾਰੇ
ਲਾਸ਼ ਦਾ ਕਰਜ਼ਾ ਲਾਹ ਸਕਦੀ ਹਾਂ
ਕੁੱਖ ਦਾ ਕਰਜ਼ਾ ਕੌਣ ਉਤਾਰੇ !

ਕਦੇ ਕਦੇ ਮੈਂ ਉੱਠਾਂ...ਸੋਚਾਂ...
ਕੁੱਖ ਦੀ ਲਾਲ ਵਹੀ ਨੂੰ ਪਾੜਾਂ
ਆਪਣਾ ਦਸਖ਼ਤ ਆਪ ਛੁਪਾਵਾਂ
ਇਸ ਕਰਜ਼ੇ ਤੋਂ ਮੁੱਕਰ ਜਾਵਾਂ...

ਉਠਦੀ...ਪੈਰ ਦਹਿਲੀਜ਼ੇ ਰਖਦੀ,
ਕੁੱਖ ਦੀ ਚੋਰੀ ਮਾਰੇ ਮੈਨੂੰ
ਲਾਸ਼ ਮੇਰੀ ਦੀ ਛਾਤੀ ਵਿੱਚੋਂ
ਸਿੰਮ ਪਵੇ ਇਕ ਬੂੰਦ ਦੁੱਧ ਦੀ...

ਸਰਦਲ ਆਪਣੀ ਥਾਂ ਤੋਂ ਹਿੱਲੇ
ਉਸ ਦੀ ਥਾਵੇਂ ਪੈਰ ਖਲੋਵੇ,
ਹੰਝੂਆਂ ਨੂੰ ਕੋਈ ਤਰ ਸਕਦਾ ਏ
ਦੁੱਧ ਦੀ ਬੂੰਦ ਪਾਰ ਨਾ ਹੋਵੇ...

ਮੌਤ ਮੇਰੀ, ਇਕ ਗੱਲ ਚਰੋਕੀ...



## ਸੱਭਿਅਤਾ

ਮੈਂ ਤੇਰੇ ਸਾਹ ਦੀ ਸੁਗੰਧ ਹਾਂ...
ਤੇਰੀ ਸੱਭਿਅਤਾ,
ਤੇਰੇ ਤੇ ਮੇਰੇ ਵਿਚਾਲੇ ਰੱਖ ਕੇ
ਛੋਟੀ ਇਲਾਇਚੀ, ਬੀਅਰ ਦਾ ਘੁੱਟ
ਜਾਂ ਪਾਨ ਦਾ ਪੱਤਾ
ਮੇਰੇ ਤੋਂ ਕੁਝ ਛੁਪਾਂਦੀ ਪਈ
ਆਪਣੇ ਹੋਠਾਂ ਨੂੰ ਚੁਰਾਂਦੀ ਪਈ

ਮੈਂ, ਤੇਰੇ ਸਾਹ ਦੀ ਸੁਗੰਧ ਹਾਂ
ਤੇ ਸਿਰਫ਼ ਸੁਗੰਧ ਹੀ ਨਹੀਂ
ਉਹ ਸਾਹ ਵੀ,
ਜੋ ਹੋਠਾਂ 'ਚੋਂ ਆਉਂਦਾ ਹੈ।

ਉਹ ਗੱਲ, ਜਿਸ ਨੂੰ ਲਫ਼ਜ਼ ਨਾ ਜੁੜੇ
ਉਹ ਗੱਲ ਮੇਰੇ ਕੋਲ ਹੈ
ਉਹ ਲਫ਼ਜ਼, ਜਿਸ ਨੂੰ ਹੋਠ ਨਾ ਜੁੜੇ
ਉਹ ਲਫ਼ਜ਼ ਮੇਰੇ ਕੋਲ ਹੈ




ਤੇਰੀ ਸੱਭਿਅਤਾ,
ਜੇ ਪੁੱਛ ਸੱਕੇਂ, ਪੁੱਛ ਦੇ
ਜਾਂ ਰਾਤੀ ਬਰਾਤੀ ਫੋਲ ਦੇ
ਓਸ ਦਾ ਖੀਸਾ, ਕੱਪੜਾ ਲੱਤਾ
ਕਿ ਮੇਰੀ ਅਵਰਜਿਤ ਗੱਲ ਦਾ
ਇਕ ਅੱਖਰ ਗੁਆਚਿਆ।
ਤੇ ਤੈਨੂੰ ਪਤਾ ਏ ਤੇਰੇ ਬਿਨਾਂ
ਇਸ ਮਹਿਲ ਦੇ ਵਿਚ ਕੌਣ ਆਉਂਦਾ ਹੈ !

ਕੋਈ ਨਹੀਂ ਆਉਂਦਾ ਤੇਰੇ ਬਿਨਾਂ
ਮੈਂ ਕੋਠੜੀ ਦਰ ਕੋਠੜੀ—
ਰੋਜ਼ ਸੂਰਜ ਜੰਮਦੀ

ਤੇਰੀ ਸੱਭਿਅਤਾ—
ਜੋ ਬਾਹਰਲੇ ਅਸਮਾਨ ਤੋਂ
ਚਾਨਣ ਹੁਦਾਰ ਲੈਂਦੀ ਹੈ
ਮੇਰੇ ਸੂਰਜ ਨੂੰ ਵੇਖਦੀ
ਤੇ ਰੋਜ਼ ਝਿੜਕ ਦੇਂਦੀ ਹੈ

ਮੈਂ ਰੋਜ਼ ਸੂਰਜ ਜੰਮਦੀ
ਤੇ ਰੋਜ਼ ਸੂਰਜ ਯਤੀਮ ਹੁੰਦਾ ਹੈ...



# ਇਕ ਹਾਦਸਾ

ਬੜੇ ਦਿਨਾਂ ਦੀ ਗੱਲ ਪੁਰਾਣੀ
ਕੁਝ ਕੁਝ ਮੈਨੂੰ ਚੇਤੇ ਆਉਂਦਾ,
ਇਕ ਦਿਹਾੜੇ ਸੁਪਨਾ ਤੇਰਾ
ਡਿੱਠਾ, ਮਨ ਦੇ ਪਾਸੇ ਜਾਂਦਾ,

ਕਹਿੰਦੇ ਨੇ ਇਸ ਮਨ ਦੇ ਜੰਗਲ
ਰੋਜ਼ ਰਾਤ ਨੂੰ ਚਿੱਤਰੇ ਪੈਂਦੇ
ਖੱਡਾਂ ਦੇ ਵਿਚ ਪਾਣੀ ਪੀਂਦੇ
ਲਹੂ ਮਾਸ ਨੂੰ ਸੁੰਘਦੇ ਰਹਿੰਦੇ

ਔਥੇ ਇਕ ਕਿੱਕਰ ਦੇ ਖੱਬੇ,
ਡਾਢੇ ਚਿੱਟੇ ਖੰਭ ਕਿਸੇ ਦੇ
ਕੋਲ ਹੱਡੀਆਂ ਨਿੱਕੀਆਂ ਨਿੱਕੀਆਂ
ਦੋ ਜਾਂ ਤਿੰਨ ਲਹੂ ਦੇ ਧੱਬੇ...

ਵਹਿਮ ਜਿਹਾ ਪੈਂਦਾ ਏ ਮੈਨੂੰ
ਐਵੇਂ ਸ਼ਾਇਦ ਭੁਲੇਖਾ ਮੇਰਾ,
ਵੇਖ ਜੇ ਭਲਾ ਪਛਾਣ ਸਕਨੈਂ
ਇਹੋ ਤੇ ਨਹੀਂ ਸੁਪਨਾ ਤੇਰਾ ?

ਬੜੇ ਦਿਨਾਂ ਦੀ ਗੱਲ ਪੁਰਾਣੀ...



## ਆਵਾਜ਼

ਤੇਰੀਆਂ ਯਾਦਾਂ,
ਬਹੁਤ ਦੇਰ ਹੋਈ ਜਲਾਵਤਨ ਹੋਈਆਂ
ਜੀਊਂਦੀਆਂ ਕਿ ਮੋਈਆਂ—ਕੁਝ ਪਤਾ ਨਹੀਂ...

ਸਿਰਫ਼ ਇੱਕ ਵਾਰੀ ਇਕ ਘਟਨਾ ਵਾਪਰੀ
ਖ਼ਿਆਲਾਂ ਦੀ ਰਾਤ ਬੜੀ ਡੂੰਘੀ ਸੀ,
ਤੇ ਏਨੀ ਚੁੱਪ ਸੀ
ਕਿ ਪੱਤਾ ਖੜਕਿਆਂ ਵੀ,
ਵਰ੍ਹਿਆਂ ਦੇ ਕੰਨ ਤ੍ਰਭਕਦੇ...

ਫੇਰ ਤਿੰਨ ਵਾਰਾਂ ਜਾਪਿਆ
ਛਾਤੀ ਦਾ ਬੂਹਾ ਖੜਕਦਾ
ਤੇ ਪੋਲੇ ਪੈਰ ਛੱਤ 'ਤੇ ਚੜ੍ਹਦਾ ਕੋਈ
ਤੇ ਨਹੁੰਆਂ ਦੇ ਨਾਲ ਪਿਛਲੀ ਕੰਧ ਖੁਰਚਦਾ...

ਤਿੰਨ ਵਾਰਾਂ ਉੱਠ ਕੇ
ਮੈਂ ਕੁੰਡੀਆਂ ਟੋਹੀਆਂ
ਹਨੇਰੇ ਨੂੰ ਜਿਸ ਤਰ੍ਹਾਂ
ਇਕ ਗਰਭ ਪੀੜ ਸੀ
ਉਹ ਕਦੇ ਕੁਝ ਕਹਿੰਦਾ
ਤੇ ਕਦੇ ਚੁੱਪ ਹੁੰਦਾ
ਜਿਉਂ ਆਪਣੀ ਆਵਾਜ਼ ਨੂੰ
ਦੰਦਾਂ ਦੇ ਵਿਚ ਪੀਂਹਦਾ
ਤੇ ਫੇਰ ਜੀਊਂਦੀ ਜਾਗਦੀ ਇਕ ਸ਼ੈਅ
ਤੇ ਜੀਊਂਦੀ ਜਾਗਦੀ ਆਵਾਜ਼ :
"ਮੈਂ ਕਾਲਿਆਂ ਕੋਹਾਂ ਤੋਂ ਆਈ ਹਾਂ
ਪਾਹਰੂਆਂ ਦੀ ਅੱਖ ਤੋਂ
ਇਸ ਬਦਨ ਨੂੰ ਚੁਰਾਂਦੀ, ਬੜੀ ਮਾਂਦੀ

ਪਤਾ ਹੈ ਮੈਨੂੰ
ਕਿ ਤੇਰਾ ਦਿਲ ਆਬਾਦ ਹੈ
ਪਰ ਕਿਤੇ ਸੁੰਞੀ ਸੱਖਣੀ
ਕੋਈ ਥਾਂ ਮੇਰੇ ਲਈ ?"
"ਸੁੰਞ ਸੱਖਣ ਬੜੀ ਹੈ ਪਰ ਤੂੰ..."
ਤ੍ਰਭਕ ਕੇ ਮੈਂ ਆਖਿਆ—
"ਤੂੰ ਜਲਾਵਤਨ...
ਨਹੀਂ ਕੋਈ ਥਾਂ ਨਹੀਂ
ਮੈਂ ਠੀਕ ਕਹਿੰਦੀ ਹਾਂ
ਕਿ ਕੋਈ ਥਾਂ ਨਹੀਂ ਤੇਰੇ ਲਈ
ਇਹ ਮੇਰੇ ਮਸਤਕ
ਮੇਰੇ ਆਕਾ ਦਾ ਹੁਕਮ ਹੈ"
... ... ... ...

ਤੇ ਫੇਰ ਜੀਕਣ ਸਾਰਾ
ਹਨੇਰਾ ਹੀ ਕੰਬ ਜਾਂਦਾ ਹੈ
ਉਹ ਪਿਛਾਂਹ ਨੂੰ ਪਰਤੀ
ਪਰ ਜਾਣ ਤੋਂ ਪਹਿਲਾਂ
ਉਹ ਉਰਾਂਹ ਹੋਈ
ਤੇ ਮੇਰੀ ਹੋਂਦ ਨੂੰ
ਉਸ ਇਕ ਵਾਰ ਛੋਹਿਆ, ਹੌਲੀ ਜਹੀ
ਇੰਜ, ਜਿਵੇਂ ਕੋਈ ਵਤਨ ਦੀ
ਮਿੱਟੀ ਨੂੰ ਛੋਂਹਦਾ ਹੈ...



## ਨਗਰ

ਮੀਂਹ ਕਦੋਂ ਦਾ ਥੰਮ ਚੁੱਕਾ ਹੈ !
ਸਾਰਾ ਨਗਰ ਘੜੀ ਕੁ ਪਹਿਲਾਂ
ਚਿੱਕੜ ਦੇ ਵਿਚ ਡਿੱਗ ਪਿਆ ਸੀ
ਤਲੀਆਂ ਪਰਨੇ ਮਸਾਂ ਉੱਠਿਆ
ਕਿਸੇ ਕੜੀ 'ਤੇ ਬਾਹਵਾਂ ਰਖਦਾ
ਕਿਸੇ ਇੱਟ 'ਤੇ ਪੈਰ ਟਿਕਾਂਦਾ
ਕੋਈ ਬਾਂਸ ਵੱਖੀ ਵਿਚ ਧਰਦਾ,
ਮਸਾਂ ਲੱਕ ਨੂੰ ਸਿੱਧਾ ਕਰਦਾ
ਖੜੇ ਹੋਣ ਨੂੰ ਜੂਝ ਰਿਹਾ ਹੈ,
ਮੀਂਹ ਕਦੋਂ ਦਾ ਥੰਮ ਚੁੱਕਾ ਹੈ
ਇਹ ਮੱਥੇ ਤੋਂ ਪੁੜਪੁੜੀਆਂ ਤੋਂ,
ਅਜੇ ਵੀ ਮੁੜ੍ਹਕਾ ਪੂੰਝ ਰਿਹਾ ਹੈ।


ਏਸ ਨਗਰ ਵੀ ਸੁਪਨੇ ਆਉਂਦੇ
ਕਿੰਨੀਆਂ ਵੀ ਸੋਚਾਂ ਨੂੰ ਭੀੜੋ
ਫਿਰ ਵੀ ਅੰਦਰ ਆ ਜਾਂਦੇ ਨੇ
ਕਿਧਰੇ ਸੰਗ ਮਰਮਰੀ ਵਾਦੀ,
ਦੱਸ ਓਸ ਦੀ ਪਾ ਜਾਂਦੇ ਨੇ
ਸਾਰਾ ਨਗਰ ਉਹਨਾਂ ਦੇ ਆਖੇ
ਨੀਂਦਰ ਦੇ ਵਿਚ ਤੁਰ ਪੈਂਦਾ ਹੈ
ਦੂਰ ਭਵਿੱਖ ਦਾ ਕਾਹਲੀ ਕਾਹਲੀ
ਕੁਝ ਰਸਤਾ ਤੈਅ ਕਰ ਲੈਂਦਾ ਹੈ
ਫੇਰ ਰਸਤੇ ਵਿਚ ਸੂਰਜ ਦਾ
ਇਕ ਅੱਡੀ ਖੋੜਾ ਉਸ ਨੂੰ ਲੱਗੇ
ਟੁੱਟ ਜਾਏ ਗੋਡੇ ਦੀ ਚੱਪਣੀ
ਅਰਕਾਂ ਦੇ ਵਿਚੋਂ ਲਹੂ ਵੱਗੇ...

ਵਰਤਮਾਨ ਦੀ ਬੰਦ ਗਲੀ
ਤੇ ਦੁੱਖ ਭੁੱਖ ਦੀ ਕੰਧ ਸਾਹਮਣੇ...

ਰਾਤ ਬਰਾਤੇ ਜਿਨ੍ਹੀਂ ਪੈਰੀਂ
ਜਿਹੜੇ ਵੀ ਰਸਤੇ 'ਤੇ ਜਾਂਦਾ
ਸੁਬ੍ਹਾ ਸਵੇਰੇ ਉਹਨੀਂ ਪੈਰੀਂ
ਉਸ ਰਸਤਿਉਂ ਮੁੜ ਕੇ ਆਉਂਦਾ
ਇੰਜ ਹਮੇਸ਼ਾਂ ਏਥੋਂ ਤੁਰਦਾ
ਅਤੇ ਹਮੇਸ਼ਾਂ ਏਥੇ ਰਹਿੰਦਾ...

ਰਾਤ ਕਦੋਂ ਦੀ ਲੰਘ ਚੁੱਕੀ ਹੈ
ਸਾਰਾ ਨਗਰ ਚੌਂਕੜੀ ਮਾਰੀ
ਇਕ ਫ਼ਲਸਫ਼ੀ ਵਾਂਗੂੰ ਬੈਠਾ
ਨਾ ਕੋਈ ਗੱਲ ਸੁਣੇ ਨਾ ਆਖੇ
ਨਾ ਕੋਈ ਇਸ ਦੇ ਮੱਥੇ ਉਤੇ
ਲੀਕ ਹਰਖ ਦੀ ਲੀਕ ਸ਼ੋਕ ਦੀ
ਜਾਂ ਤਾਂ ਇਸ ਨੇ ਵਰਤਮਾਨ ਦੀ
ਬੰਦ ਗਲੀ ਦਾ ਭੇਤ ਬੁੱਝਿਆ
ਇਕ ਫ਼ਲਸਫ਼ੀ ਵਾਂਗੂੰ ਬੈਠਾ
ਤੇ ਜਾਂ ਅਜ ਦੇ ਮੀਂਹ ਵਿਚ ਢੱਠਾ...

ਮੀਂਹ ਕਦੋਂ ਦਾ ਥੰਮ ਚੁੱਕਾ ਹੈ...



## ਸ਼ਹਿਰ

ਜਿਹੜੀ ਫ਼ਸਲ ਤਾਰਿਆਂ ਬੀਜੀ,
ਕਿਸ ਨੇ ਚੋਰ-ਗੁਦਾਮੀਂ ਪਾਈ
ਬੱਦਲ ਦੀ ਬੋਰੀ ਨੂੰ ਝਾੜਾਂ,
ਰਾਤ ਦੀ ਮੰਡੀ ਉੱਡਣ ਘੱਟੇ
ਚੰਦਰਮਾ ਇਕ ਭੁੱਖਾ ਵੱਛਾ,
ਸੁੱਕੇ ਥਣ ਨੂੰ ਮੂੰਹ ਮਾਰਦਾ
ਧਰਤੀ-ਮਾਂ ਕਿੱਲੇ 'ਤੇ ਬੱਝੀ,
ਅੰਬਰ ਦੀ ਖੁਰਲੀ ਨੂੰ ਚੱਟੇ...

ਹਸਪਤਾਲ ਦੇ ਬੂਹੇ ਅੱਗੇ—
ਹੱਕ, ਸੱਚ, ਈਮਾਨ ਤੇ ਕਦਰਾਂ
ਕਿੰਨੇ ਲਫ਼ਜ਼ ਬੀਮਾਰ ਪਏ ਨੇ,
ਭੀੜ ਜਿਹੀ ਇਕ ਲੱਗ ਗਈ ਹੈ
ਖ਼ਬਰੇ ਕੋਈ ਲਿਖੇਗਾ ਨੁਸਖ਼ਾ,
ਖ਼ਬਰੇ ਨੁਸਖ਼ਾ ਲੱਗ ਜਾਵੇਗਾ
ਪਰ ਹਾਲੀ ਤਾਂ ਇੰਜ ਜਾਪਦਾ,
ਅਉਧ ਇਹਨਾਂ ਦੀ ਪੁੱਗ ਗਈ ਹੈ...

ਏਸ ਸ਼ਹਿਰ ਦੇ ਵਿਚ ਇਕ ਥਾਵੇਂ,
ਥਾਂ, ਕਿ ਜਿੱਥੇ ਰਹਿਣ ਨਿਥਾਵੇਂ
ਜਿਸ ਦਿਨ ਕੋਈ ਨਾ ਮਿਲੇ ਮਜੂਰੀ,
ਉਸ ਦਿਨ ਜਿੰਦ ਉਹਨਾਂ ਦੀ ਝੂਰੀ
ਪਹਿਲੀ ਰਾਤ ਬੁਢੇਪੇ ਵਾਲੀ,
ਕੰਨਾਂ ਦੇ ਵਿਚ ਆ ਕੇ ਕਹਿ ਗਈ
ਕਿ ਏਸ ਸ਼ਹਿਰ ਦੇ ਵਿਚ ਉਨ੍ਹਾਂ ਦੀ
ਅਹਿਲ ਜਵਾਨੀ ਚੋਰੀ ਹੋ ਗਈ...

ਕੱਲ੍ਹ ਰਾਤ ਕਹਿਰ ਦਾ ਪਾਲਾ,
ਅੱਜ ਤੜਕੇ ਸੇਵਾ ਸੰਮਤੀ ਨੂੰ
ਸੜਕ ਦੇ ਉਤੋਂ ਲਾਸ਼ ਮਿਲੀ ਹੈ,
ਨਾਉਂ-ਥਾਉਂ ਕੁਝ ਪਤਾ ਨਾ ਲੱਗੇ...
ਮੜ੍ਹੀਆਂ ਦੇ ਵਿਚ ਅੱਗ ਪਈ ਬਲਦੀ,
ਕੋਈ ਨਾ ਏਸ ਲਾਸ਼ ਨੂੰ ਰੋਇਆ
ਜਾਂ ਕੋਈ ਮੋਇਆ ਹੈ ਇਕ ਮੰਗਤਾ,
ਜਾਂ ਕੋਈ ਸ਼ਾਇਦ ਫ਼ਲਸਫ਼ਾ ਮੋਇਆ...

ਕਿਸੇ ਮਰਦ ਦੀ ਬੁੱਕਲ ਦੇ ਵਿਚ
ਕਿਸੇ ਕੁੜੀ ਨੇ ਚੀਕ ਮਾਰ ਕੇ
ਪਿੰਡੇ ਤੋਂ ਇਕ ਪੱਚਰ ਲਾਹੀ
ਥਾਣੇ ਦੇ ਵਿਚ ਹਾਸਾ ਮਚਿਆ,
ਕਾਹਵਾ-ਘਰ ਵਿਚ ਹੀ...ਹੀ...ਹੋਈ
ਸੜਕਾਂ 'ਤੇ ਕੁਝ ਹੱਕਰ ਫਿਰਦੇ
ਇਕ ਇਕ ਪੈਸੇ ਖ਼ਬਰ ਵੇਚਦੇ,
ਰਹਿੰਦਾ ਪਿੰਡਾ ਫੇਰ ਨੋਚਦੇ...




ਗੁਲਮੋਹਰ ਦੇ ਰੁੱਖਾਂ ਹੇਠਾਂ
ਲੋਕੀਂ ਇਕ ਦੂਜੇ ਨੂੰ ਮਿਲਦੇ
ਬੜੀ ਜ਼ੋਰ ਦੀ ਹੱਸਦੇ, ਗਾਉਂਦੇ
ਇਕ ਦੂਜੇ ਤੋਂ ਆਪਣੀ ਆਪਣੀ
ਮੌਤ ਦੀ ਖ਼ਬਰ ਛੁਪਾਣਾ ਚਾਹੁੰਦੇ
ਚਿੱਟਾ ਜਿਹਾ ਕਬਰ ਦਾ ਪੱਥਰ
ਹੱਥਾਂ ਦੇ ਵਿਚ ਚੁੱਕੀ ਫਿਰਦੇ,
ਅਤੇ ਲਾਸ਼ ਦੀ ਰਾਖੀ ਕਰਦੇ...

ਖੜਖੜ ਖੜਖੜ ਕਰਨ ਮਸ਼ੀਨਾਂ,
ਸ਼ਹਿਰ ਜਿਵੇਂ ਇਕ ਛਾਪਾਖ਼ਾਨਾ
ਇਕ ਇਕ ਬੰਦਾ ਏਸ ਸ਼ਹਿਰ ਦਾ,
ਇਕ ਇਕ ਕੱਲੇ ਅੱਖਰ ਵਾਂਗੂੰ
ਹਰ ਪੈਗ਼ੰਬਰ ਕੰਪਾਜ਼ੀਟਰ—
ਅੱਖਰ ਮੇਲ ਮੇਲ ਕੇ ਵੇਖੇ
ਅੱਖਰਾਂ ਦੇ ਵਿਚ ਅੱਖਰ ਉਣਦਾ,
ਕਦੇ ਕੋਈ ਫ਼ਿਕਰਾ ਨਾ ਬਣਦਾ...

ਦਿੱਲੀ ਏਸ ਸ਼ਹਿਰ ਨਾ ਨਾਉਂ,
ਕੋਈ ਨਾਉਂ ਵੀ ਹੋ ਸਕਦਾ ਏ
(ਨਾਵਾਂ ਦੇ ਵਿਚ ਕੀ ਪਿਆ ਏ !)
ਰੋਜ਼ ਭਵਿੱਖ ਦਾ ਸੁਪਨਾ ਰਾਤੀਂ,
ਵਰਤਮਾਨ ਦੀ ਮੈਲੀ ਚਾਦਰ
ਅੱਧੀ ਆਪਣੇ ਉਪਰ ਤਾਣੇ,
ਅੱਧੀ ਆਪਣੇ ਹੇਠ ਵਿਛਾਵੇ
ਕਿੰਨਾ ਚਿਰ ਕੁਝ ਸੋਚੇ, ਜਾਗੇ,
ਫਿਰ ਨੀਂਦਰ ਦੀ ਗੋਲੀ ਖਾਵੇ...



# ਟੋਸਟ



ਕੱਲ੍ਹ ਸ਼ੀਸ਼ੇ ਦੀ ਸੁਰਾਹੀ ਵਿਚ
ਮੈਂ ਖ਼ਿਆਲਾਂ ਦੀ ਸ਼ਰਾਬ ਭਰੀ ਸੀ
ਖ਼ਿਆਲ ਬੜੇ ਸੂਹੇ ਸਨ
ਦੋਸਤਾਂ ਨੇ ਜਾਮ ਪੀਤੇ ਸਨ
ਤੇ ਉਹਨਾਂ ਲਫ਼ਜ਼ਾਂ ਦੇ ਟੋਸਟ ਦਿੱਤੇ ਸਨ
ਜੋ ਛਾਤੀ ਦੇ ਵਿਚ ਨਹੀਂ ਉੱਗਦੇ।
ਉਹ ਕਿਹੜਿਆਂ ਰੁੱਖਾਂ ਤੇ ਉੱਗਦੇ ਹਨ
ਤੇ ਹੋਠਾਂ ਦੇ ਗਮਲਿਆਂ 'ਚ ਕਿਵੇਂ ਆਉਂਦੇ ਹਨ
ਇਹ ਸੋਚਣ ਦੀ ਵੇਹਲ ਨਹੀਂ ਸੀ
ਜਾਂ ਇੰਜ ਆਖਾਂ
ਕਿ ਸੋਚਣ ਤੋਂ ਸਹਿਮ ਲੱਗਦਾ ਸੀ
ਇਹ ਲਫ਼ਜ਼ਾਂ ਦਾ ਜਸ਼ਨ ਸੀ,
ਭੁਲੇਖਿਆਂ ਦੀ ਵਰ੍ਹੇ-ਗੰਢ
ਮੈਂ ਸਾਂ, ਰਾਤ ਸੀ
ਖ਼ਿਆਲਾਂ ਦੀ ਸ਼ਰਾਬ ਸੀ, ਤੇ ਬੜੇ ਦੋਸਤ—
ਦੋਸਤ ਜੋ ਕੁਝ ਬੁਲਾਇਆਂ ਆਏ ਸਨ,
ਕੁਝ ਬਿਨ ਬੁਲਾਇਆਂ...
ਇੱਕ ਕੋਈ "ਉਹ" ਸੀ
ਜੋ ਬੜੀ ਵਾਰ ਸੱਦਿਆਂ ਵੀ ਨਹੀਂ ਸੀ ਆਇਆ

.... .... .... .... ....

ਹੁਣੇ ਪ੍ਰਭਾਤ ਹੋਈ ਹੈ
ਛਾਤੀ ਨੂੰ ਚੀਰ ਕੇ ਛਾਤੀ ਦੇ ਵਿਚ
ਸੂਰਜ ਦੀ ਕਿਰਨ ਪਈ ਹੈ
ਹੁਣੇ—ਮੈਂ ਇਕ ਘਣਾ ਜੰਗਲ ਵੇਖਿਆ
ਤੇ ਗ਼ਰਜ਼ਾਂ ਦੇ ਰੁੱਖ ਵੇਖੇ ਹਨ
ਤੇ ਉਹਨਾਂ ਤੇ ਆਈ
ਅਜੀਬ ਪਤਝੜ ਵੀ ਵੇਖੀ ਹੈ

ਪਤਝੜ—ਜੋ ਲਫ਼ਜ਼ਾਂ ਤੇ ਨਹੀਂ ਆਉਂਦੀ,
ਸਿਰਫ਼ ਅਰਥਾਂ ਤੇ ਆਉਂਦੀ ਹੈ...
ਦੋਸਤਾਂ ਦੇ ਲਫ਼ਜ਼ ਅਜੇ ਵੀ ਗੁਲਾਬੀ ਹਨ,
ਬਹਾਰ ਦੇ ਫੁੱਲਾਂ ਦੀ ਤਰ੍ਹਾਂ
ਸਿਰਫ਼ ਅਰਥ ਝੜਦੇ ਵੇਖ ਰਹੀ ਹਾਂ...
ਤੇ ਭਰੇ ਜੰਗਲ ਵਿਚ
ਮੈਂ ਅਸਲੋਂ ਇਕੱਲੀ ਹਾਂ...
ਮੈਂ ਹਾਂ, ਚੁੱਪ ਹੈ, ਇਕ ਕਿਰਨ ਹੈ,
ਤੇ ਸ਼ੀਸ਼ੇ ਦੀ ਖ਼ਾਲੀ ਸੁਰਾਹੀ ਹੈ...

.... .... .... ....

ਇਹ ਕਿਹੀ ਚੁੱਪ ਹੈ
ਕਿ ਜਿਹਦੇ ਵਿਚ ਪੈਰਾਂ ਦਾ ਖੜਾਕ ਸ਼ਾਮਿਲ ਹੈ
ਕੋਈ ਚੁੱਪ ਚਾਪ ਆਇਆ ਹੈ—
ਚੁੱਪ ਨਾਲੋਂ ਟੁੱਟਿਆ ਚੁੱਪ ਦਾ ਹਿੱਸਾ
ਕਿਰਨ ਨਾਲੋਂ ਟੁੱਟਿਆ ਕਿਰਨ ਦਾ ਹਿੱਸਾ
ਇਹ ਇੱਕ ਕੋਈ "ਉਹ" ਹੈ
ਜੋ ਬੜੀ ਵਾਰ ਸੱਦਿਆਂ ਵੀ ਨਹੀਂ ਸੀ ਆਇਆ...


ਅੱਜ ਮੈਂ ਇਕੱਲੀ ਨਹੀਂ, ਮੈਂ ਆਪਣੇ ਕੋਲ ਖੜੀ ਹਾਂ
ਸ਼ੀਸ਼ੇ ਦੀ ਸੁਰਾਹੀ ਵਿਚ,
ਮੈਂ ਨਜ਼ਰਾਂ ਦੀ ਸ਼ਰਾਬ ਭਰੀ ਹੈ—
ਉਹ ਮੇਰਾ "ਮੈਂ" ਅਜ ਜਾਮ ਪੀ ਰਿਹਾ ਹੈ
ਤੇ ਟੋਸਟ ਦੇ ਰਿਹਾ ਹੈ,
ਉਨ੍ਹਾਂ ਲਫ਼ਜ਼ਾਂ ਦੇ, ਜੋ ਸਿਰਫ਼ ਛਾਤੀ 'ਚ ਉਗਦੇ ਹਨ
ਇਹ ਅਰਥਾਂ ਦਾ ਜਸ਼ਨ ਹੈ—
ਮੈਂ ਹਾਂ, ਉਹ ਹੈ,
ਤੇ ਸ਼ੀਸ਼ੇ ਦੀ ਸੁਰਾਹੀ ਵਿਚ ਨਜ਼ਰਾਂ ਦੀ ਸ਼ਰਾਬ ਹੈ...



# ਡੇੜ੍ਹ ਘੰਟੇ ਦੀ ਮੁਲਾਕਾਤ

ਡੇੜ੍ਹ ਘੰਟੇ ਦੀ ਮੁਲਾਕਾਤ
ਜਿਉਂ ਬੱਦਲ ਦਾ ਇਕ ਟੋਟਾ,
ਅੱਜ ਸੂਰਜ ਦੇ ਨਾਲ ਟਾਂਕਿਆ
ਉਧੇੜ ਲੱਥੀ ਹਾਂ,
ਪਰ ਕੁਝ ਨਹੀਂ ਬਣਦਾ ਤੇ ਜਾਪਦਾ
ਕਿ ਸੂਰਜ ਦੇ ਲਾਲ ਝੱਗੇ ਵਿਚ
ਇਹ ਬੱਦਲ ਕਿਸੇ ਉਣਿਆ ਹੈ...


ਡੇੜ੍ਹ ਘੰਟੇ ਦੀ ਮੁਲਾਕਾਤ
ਅਜ ਸਾਹਮਣੇ ਉਸ ਚੌਂਕ ਵਿਚ
ਇਕ ਸੰਤਰੀ ਵਾਂਗੂੰ ਖੜੀ
ਤੇ ਮੇਰੀਆਂ ਸੋਚਾਂ ਦਾ ਲਾਂਘਾ
ਉਸ ਹੱਥ ਦੇ ਕੇ ਰੋਕ ਦਿੱਤਾ ਹੈ
ਜਾਣੇ ਖ਼ੁਦਾ ਮੈਂ ਕੀ ਆਖਿਆ ਸੀ
ਤੇ ਜਾਣੇ ਖ਼ੁਦਾ ਤੂੰ ਕੀ ਸੁਣਿਆ ਹੈ...



ਡੇੜ੍ਹ ਘੰਟੇ ਦੀ ਮੁਲਾਕਾਤ
ਸੋਚਦੀ ਹਾਂ ਆਦਿ ਵਾਸੀ ਔਰਤ ਦੀ ਤਰ੍ਹਾਂ
ਮੈਂ ਇਕ ਚਿਲਮ ਬਾਲ ਲਾਂ
ਤੇ ਡੇੜ੍ਹ ਘੰਟੇ ਦਾ ਤਮਾਕੂ
ਇਕ ਅੱਗ ਦੇ ਵਿਚ ਰੱਖ ਕੇ ਮੈਂ ਪੀ ਲਵਾਂ...

ਏਸ ਤੋਂ ਪਹਿਲਾਂ ਕਿ ਮੇਰੀ ਸੋਚ ਘਬਰਾਵੇ
ਤੇ ਗ਼ਲਤ ਮੋੜ ਪਰਤ ਜਾਵੇ
ਏਸ ਤੋਂ ਪਹਿਲਾਂ ਕਿ ਬੱਦਲ ਨੂੰ ਲਾਂਹਦਿਆਂ
ਇਹ ਸੂਰਜ ਪਾਟ ਜਾਵੇ
ਏਸ ਤੋਂ ਪਹਿਲਾਂ ਕਿ ਮੁਲਾਕਾਤ ਦਾ ਚੇਤਾ
ਇਕ ਨਫ਼ਰਤ 'ਚ ਬਦਲ ਜਾਵੇ

ਡੇੜ੍ਹ ਘੰਟੇ ਦਾ ਧੂੰਆਂ
ਕੁਝ ਮੈਂ ਪੀ ਲਵਾਂ ਕੁਝ ਪੌਣ ਪੀ ਲਵੇ
ਏਸ ਤੋਂ ਪਹਿਲਾਂ ਕਿ ਇਸ ਦਾ ਹਰਫ਼
ਮੇਰੀ ਜਾਂ ਤੇਰੀ ਜ਼ਬਾਨ 'ਤੇ ਆਵੇ
ਏਸ ਤੋਂ ਪਹਿਲਾਂ ਕਿ ਮੇਰਾ ਜਾਂ ਤੇਰਾ
ਕੰਨ ਇਸ ਦੇ ਜ਼ਿਕਰ ਨੂੰ ਸੁਣੇ
ਤੇ ਏਸ ਤੋਂ ਪਹਿਲਾਂ ਕਿ ਮਰਦ,
ਔਰਤ ਜ਼ਾਤ ਦੀ ਤੌਹੀਨ ਬਣ ਜਾਵੇ
ਤੇ ਏਸ ਤੋਂ ਪਹਿਲਾਂ ਕਿ ਔਰਤ,
ਮਰਦ ਜ਼ਾਤ ਦੀ ਹੱਤਕ ਦਾ ਕਾਰਨ ਬਣੇ
ਏਸ ਤੋਂ ਪਹਿਲਾਂ...ਏਸ ਤੋਂ ਪਹਿਲਾਂ...



## ਇਡੀਪਸ

ਦਹਿਲੀਜ਼ ਤੋਂ ਉਰਲੀ ਤਰਫ਼ ਮੇਰਾ ਗੁਨਾਹ,
ਦਹਿਲੀਜ਼ ਤੋਂ ਪਰਲੀ ਤਰਫ਼ ਮੇਰੀ ਸਜ਼ਾ...

ਸੋਚਿਆ ਸੀ ਅੱਤ ਸੁੱਚੀ ਦੁੱਧ ਦੀ ਇਹ ਵਾਸ਼ਨਾ
ਪਰ ਹੋਠ ਜੂਠੇ ਹੋ ਗਏ...
ਹੋਠਾਂ ਦੀ ਪਹਿਲੀ ਵਾਜ ਨੇ
ਤੁਤਲਾ ਕੇ ਜੋ ਕੁਝ ਆਖਿਆ
ਉਹ ਬੋਲ ਝੂਠੇ ਹੋ ਗਏ...

ਅੱਜ ਅੱਖ ਦੇ ਪਰਦੇਸ ਵਿਚ
ਲਭਦਾ ਹਾਂ ਆਪਣੀ ਨਜ਼ਰ ਨੂੰ
ਨਜ਼ਰ ਸ਼ਰਮਿੰਦੀ ਮਿਰੀ,
ਡਰਦੀ ਹੈ ਸੁਪਨਾ ਜੋੜ ਕੇ,
ਡਰਦੀ ਹੈ ਸੁਪਨਾ ਤੋੜ ਕੇ
ਸਾਹਮਣੇ ਹੁੰਦੀ ਨਹੀਂ...



ਜਿਹੜੀ ਹਨੇਰੀ ਰਾਤ ਵਿਚ
ਮਾਲਕ ਸਾਂ ਸਾਰੀ ਕੁੱਖ ਦਾ
ਅਜ ਉਹ ਹਨੇਰਾ ਢਲ ਗਿਆ...
ਅਜ ਡੰਗ ਦਿੱਤਾ ਜਿਸਮ ਨੂੰ
ਚਾਨਣ ਦੇ ਕਾਲੇ ਨਾਗ ਨੇ
ਇਕ ਜ਼ਹਿਰ ਹੈ ਚੜ੍ਹਦਾ ਪਿਆ...

ਹੁਣ ਸ਼ਾਇਦ ਮੈਂ ਸਾਰੀ ਉਮਰ
ਜਿਸਮਾਂ ਦੇ ਚਿੱਕੜ ਫੋਲ ਕੇ
ਲਭਾਂਗਾ ਏਸੇ ਇਸ਼ਕ ਨੂੰ !

ਵਰਜਿਤ ਅਵਰਜਿਤ ਮਾਸ ਵਿਚ
ਲੱਭਾਂਗਾ ਏਸੇ ਮਹਿਕ ਨੂੰ,
ਲੱਭਾਂਗਾ ਏਸੇ ਮੁਸ਼ਕ ਨੂੰ...
ਇਹ ਕੀ ਪਤਾ ਕਿਸ ਦੀ ਰਜ਼ਾ !
ਦਹਿਲੀਜ਼ ਤੋਂ ਉਰਲੀ ਤਰਫ਼ ਮੇਰਾ ਗੁਨਾਹ,
ਦਹਿਲੀਜ਼ ਤੋਂ ਪਰਲੀ ਤਰਫ਼ ਮੇਰੀ ਸਜ਼ਾ...



## ਲੰਗੜੀ ਛਾਂ

ਰੁੱਖਾਂ ਦੀ ਇਕ ਪਾਲ ਖਲੋਤੀ
ਜਾਂ ਅੱਡੀ ਵਿਚ ਰੋੜਾ ਚੁੱਭਾ
ਜਾਂ ਗਿੱਟੇ ਨੂੰ ਮੋਚ ਆ ਗਈ
ਜਾਂ ਗੋਡੇ ਦੀ ਚੱਪਣੀ ਟੁੱਟੀ
ਜਾਂ ਮੋਢੇ ਦੀ ਹੱਡੀ ਉਤਰੀ
ਜਿਉਂ ਜਿਉਂ ਟਾਹਣੀ ਕਦਮ ਵਧਾਵੇ
ਤਿਉਂ ਤਿਉਂ ਉਸ ਦਾ ਪੈਰ ਲੰਗਾਵੇ...

ਹਰ ਇਕ ਕੂਲੀ ਟਾਹਣੀ ਪਿੱਛੇ
ਸੁੱਕੀ ਲੱਕੜ ਦੀ ਇਕ ਟੋਹਣੀ
ਜਾਂ ਬਾਹਵਾਂ ਦਾ ਗੁੱਟ ਭੱਜਿਆ
ਜਾਂ ਬਾਹਵਾਂ ਦੀ ਭੱਜੀ ਕੂਹਣੀ
ਤਾਰਾਂ ਇੰਜ ਪਲਚੀਆਂ ਗਈਆਂ
ਜ਼ੁਲਫ਼ਾਂ ਵਿਚ ਅੜਕਾਹਵਾਂ ਪਈਆਂ...



ਜਿੰਨੇ ਲਵੇ ਰੁੱਖ ਦੇ ਪੱਤੇ
ਉੱਨੇ ਲਵੇ ਕੁੱਖ ਦੇ ਪੱਤੇ
ਮਾਲੀ ਜਿੰਨੀਆਂ ਜਾਚਾਂ ਵਾਲਾ
ਰੁੱਖ ਉੱਨੀਆਂ ਰੀਂਢਾਂ ਵਾਲਾ
ਜਿਉਂ ਜਿਉਂ ਟਾਹਣੀ ਪੈਰ ਵਧਾਵੇ
ਤਿਉਂ ਤਿਉਂ ਉਸ ਦੀ ਛਾਂ ਲੰਗਾਵੇ

ਮੁੜੀਏ ਤੁੜੀਏ ਕੁੱਬੇ ਹੋਈਏ
ਗੁੱਛਾ ਕਰੀਏ ਅੰਗ ਆਪਣੇ
ਕਿਸੇ ਰੁੱਖ ਦੀ ਛਾਵੇਂ ਬਹੀਏ
ਤੇ ਉਸ ਰੁੱਖ ਦੇ ਮੱਥੇ ਅੰਦਰ
ਜਿਹੜਾ ਵੀ ਕੋਈ ਫੁੱਲ ਖਿੜੇਗਾ
ਆਓ ! ਓਸ ਫੁੱਲ ਨੂੰ ਰੋਈਏ !

## ਬੋਹੜ

ਸਾਡੇ ਵੇਹੜੇ ਬੋਹੜ ਉੱਗਿਆ...
ਸਾਰੇ ਕੰਧਾਂ ਕੋਠੇ ਉਸ ਨੇ,
ਆਪਣੀ ਵੱਖੀ ਦੇ ਵਿਚ ਲੀਤੇ
ਸੂਰਜ ਨੂੰ ਬੁਚਕੀ ਵਿਚ ਪਾ ਕੇ
ਆਪਣੀ ਪਿੱਠ ਦੇ ਉੱਤੇ ਲੱਦਿਆ।

ਜਿੱਧਰ ਚਾਹਵੇ ਪੈਰ ਪਸਾਰੇ,
ਜਿੱਧਰ ਚਾਹਵੇ ਬਾਂਹ ਲਮਿਆਰੇ
ਜੇ ਕੋਈ ਸਿਰ ਨੂੰ ਉੱਚਾ ਕਰ ਕੇ
ਉਸ ਦੇ ਹੇਠ ਖਲੋਣਾ ਚਾਹਵੇ,
ਆਪਣੇ ਮੱਥੇ ਨੂੰ ਭਨਵਾਵੇ।

ਪੈਰਾਂ ਵਿਚਲਾ ਘਾਹ ਨਿਮਾਣਾ,
ਉਤਾਂਹ ਵਲ ਤੱਕੇ ਤੇ ਸੰਗੇ
ਪੀਲੇ ਪਤਲੇ ਬੁੱਲ੍ਹ ਅੱਡ ਕੇ,
ਕਦੀ ਘੁੱਟ ਕੁ ਸੂਰਜ ਮੰਗੇ।

ਬੋਹੜ ਹੱਸਦਾ, ਕੁਝ ਨਾ ਕਹਿੰਦਾ,
ਸਾਰਾ ਘਾਹ ਸ਼ਰਮਿੰਦਾ ਹੁੰਦਾ।

ਨਿੱਕੇ ਅਤੇ ਨਿਗੂਣੇ ਖਤਰੇ—
ਸਰੇ ਆਮ ਗਾਲ੍ਹੜਾਂ ਵਾਂਗੂੰ,
ਪੈਰਾਂ ਦੇ ਵਿੱਚੋਂ ਦੀ ਲੰਘਦੇ,
ਪਰ ਵੱਡੇ ਖ਼ਤਰੇ ਸੰਗਦੇ,
ਖੋੜਾਂ ਦੇ ਵਿਚ ਲੁਕ ਕੇ ਬਹਿੰਦੇ
ਕਦੇ ਕਦਾਈਂ ਸ਼ੂਕਰ ਮਾਰਣ,
ਕਦੇ ਕਦਾਈਂ ਕੁੰਜ ਉਤਾਰਣ।

ਕਦੇ ਕੋਈ ਬਾਹਰ ਵੀ ਆਵੇ—
ਤਾਂਕਿ ਮੂਰਖ ਜ਼ਿੱਦੀ ਖ਼ਲਕਤ,
ਹੋਂਦ ਉਨ੍ਹਾਂ ਦੀ ਭੁੱਲ ਨਾ ਜਾਵੇ।

ਇਕ ਪਾਸੇ ਕੁਝ ਆਸਾਂ ਖੜੀਆਂ—
ਗ਼ੈਰ-ਕਾਨੂੰਨੀ ਬੱਚਿਆਂ ਵਾਕੁਰ,
ਸਹਿਮ ਕੇ ਸਭਨੀਂ ਪਾਸੀਂ ਵੇਖਣ
ਜੀਭ ਜਿਨ੍ਹਾਂ ਦੀ ਧੁਰ ਤੋਂ ਟੁੱਕੀ,
ਹੱਕ ਜਿਨ੍ਹਾਂ ਦੇ ਧੁਰ ਤੋਂ ਲੰਗੜੇ
ਅਤੇ ਜਿਨ੍ਹਾਂ ਦੇ ਆਪਣੇ ਮੋਢੇ,
ਆਪਣੀਆਂ ਬਾਹਵਾਂ ਵਿਚ ਸੁੰਗੜੇ।

ਸਾਡੇ ਵੇਹੜੇ ਬੋਹੜ ਉੱਗਿਆ...



## 15 ਅਗਸਤ

ਇਕ ਬੇੜੀਆਂ ਦਾ ਗੀਤ ਸੀ,
ਹੱਥਕੜੀਆਂ ਦਾ ਗੀਤ ਸੀ
ਸਰਗਮ ਸੀ ਸਾਡੇ ਇਸ਼ਕ ਦੀ
ਜੇਲ੍ਹ ਪੰਚਮ ਸੁਰ ਸੀ
ਤੇ ਸਤਵਾਂ ਸੁਰ ਸੂਲੀ ਸੀ

ਹੋਠ ਤੜਪ ਉੱਠੇ ਸਨ
ਬਹੁਤ ਬਹੁਤ ਮੁਸ਼ਕਿਲ ਸੀ,
ਪਰ ਅਸਾਂ ਗੀਤ ਗਾਇਆ ਸੀ...


ਇਕ ਬੇੜੀਆਂ ਦਾ ਗੀਤ ਸੀ
ਹੱਥਕੜੀਆਂ ਦਾ ਗੀਤ ਸੀ
ਤੇ ਉਹ ਵੀ ਵਕਤ ਸੀ,
ਆਵਾਜ਼ ਨਜ਼ਰਬੰਦ ਸੀ
ਇਹ ਹੁਕਮਾਂ ਦੇ ਹੁਕਮ ਮੋੜਦਾ
ਪੈਰਾਂ ਦਾ ਲੋਹਾ ਤੋੜਦਾ
ਤੇ ਗੌਣ ਸੁਣਨ ਵਾਲਿਆਂ ਦੇ
ਮੂੰਹ ਤੇ ਲਾਲੀ ਧੂੜਦਾ—

ਸਾਰੇ ਦੇਸ ਵਿਚ ਵਿਚਰਦਾ ਰਿਹਾ,
ਗਲੀਆਂ ਦੇ ਵਿਚ ਫਿਰਦਾ ਰਿਹਾ
ਤੇ ਗਰਮ ਸੁੱਚਾ ਲਹੂ ਬਣ ਕੇ
ਰਗਾਂ ਵਿਚ ਤੁਰਦਾ ਰਿਹਾ...

ਰਹਿਮਤ ਹੈ ਓਸੇ ਗੀਤ ਦੀ
ਨੇਹਮਤ ਹੈ ਓਸੇ ਗੀਤ ਦੀ
ਕਿ ਬੇੜੀਆਂ ਦਾ ਗੀਤ
ਅੱਜ ਪੈਰਾਂ ਦਾ ਗੀਤ ਹੈ

ਪੈਰਾਂ ਦੀ ਮੰਜ਼ਲ ਦਾ ਗੀਤ ਹੈ
ਤੇ ਕੜੀਆਂ ਦਾ ਗੀਤ
ਅੱਜ ਹੱਥਾਂ ਦਾ ਗੀਤ ਹੈ
ਹੱਥਾਂ ਦੀ ਮਿਹਨਤ ਦਾ ਗੀਤ ਹੈ
ਸੰਰਗਮ ਹੈ ਸਾਡੇ ਇਸ਼ਕ ਦੀ,
ਮਿਹਨਤਕਸ਼ਾਂ ਦੇ ਇਸ਼ਕ ਦੀ
ਹੱਕ ਪੰਚਮ ਸੁਰ ਹੈ
ਤੇ ਸਤਵਾਂ ਸੁਰ ਸੁਤੰਤਰਤਾ
ਹੱਕ ਲੈਣਾ ਹੱਕ ਦੇਣਾ,
ਤੇ ਸੁਤੰਤਰਤਾ ਨਾ ਖੋਹਣੀ ਨਾ ਖੁਹਾਣੀ
ਇਕੋ ਰਾਗ ਦੀ ਰੋਹੀ—ਅਵਰੋਹੀ...

ਬਹੁਤ ਬਹੁਤ ਮੁਸ਼ਕਿਲ ਹੈ,
ਪਰ ਅਸਾਂ ਗੀਤ ਗਾਣਾ ਹੈ
ਭਰੀ ਮਹਿਫ਼ਲ ਵਾਲਿਓ !
ਇਹ ਗੀਤ ਬਹੁਤ ਸੁੱਚਾ ਹੈ !
ਅਜ ਸਾਜ਼ ਆਪਣੇ ਕੋਲ ਨੇ,
ਆਵਾਜ਼ ਆਪਣੇ ਕੋਲ ਹੈ
ਪਰ ਗੀਤ ਦੀ ਕਿਸਮਤ ਦਾ ਸਵਾਲ ਹੈ,
ਰਾਗ ਦੀ ਅਜ਼ਮਤ ਦਾ ਸਵਾਲ ਹੈ
ਯਾਦ ਰੱਖਣਾ ਏਸ ਵਿਚ—
ਇੱਕ ਸੁਰ ਵਰਜਿਤ ਵੀ ਹੁੰਦਾ ਹੈ...



## ਤਮਗ਼ੇ

ਬਹਾਦੁਰ ਲੋਕ ਮੇਰੇ ਦੇਸ ਦੇ
ਬਹਾਦੁਰ ਲੋਕ ਤੇਰੇ ਦੇਸ ਦੇ...

ਇਹ ਸਾਰੇ ਮਰਨ ਮਾਰਨ ਜਾਣਦੇ
ਸਿਰਾਂ ਨੂੰ ਵਾਰਨ ਜਾਣਦੇ
ਸਿਰਫ਼ ਇਹ ਗੱਲ ਵੱਖਰੀ ਹੈ
ਕਿ ਸਿਰ ਕਦੇ ਆਪਣਾ ਨਹੀਂ ਹੁੰਦਾ।

ਇਨਸਾਨ ਦੀ ਇਕ ਲਾਸ਼ ਹੁੰਦੀ ਹੈ
ਪਰ ਖ਼ੁਦਾ ਦੀ ਲਾਸ਼ ਨਹੀਂ ਹੁੰਦੀ
ਤੇ ਜਦੋਂ ਵੀ ਇਨਸਾਨ ਵਿਚਲੇ
ਰੱਬ ਦਾ ਟੁਕੜਾ ਮਰੇ
ਉਸ ਦੀ ਕਦੇ ਬਦਬੂ ਨਹੀਂ ਆਉਂਦੀ।

ਮਹਿਬੂਬ ਕਿਸੇ ਦਾ ਕੋਈ ਨਹੀਂ
ਬਿਲਕੁਲ ਰਕੀਬ ਦਾ ਖ਼ਤਰਾ ਨਹੀਂ
ਤੇ ਨਾ ਹੀ ਖ਼ਤਰਾ ਕਿਸੇ ਦਰਦ ਦਾ।

ਸਿਰਫ਼ ਜਿਹੜੀ ਲੀਕ ਵੱਡੀ ਹੈ
ਉਹ ਇਹਦਾ ਅਪਮਾਨ ਕਰਦੀ ਹੈ
ਇਹ ਲੀਕ ਮੇਟਦੇ, ਕਿ ਲੀਕ ਜੋ
ਸਰਬੱਤ ਦੇ ਮੇਚੇ ਨਹੀਂ ਆਉਂਦੀ।

ਸੋ ਸਾਰੀ ਜਿੱਤ ਵੀ ਨਿਰਵਿਘਨ ਹੈ
ਤੇ ਸਾਰਾ ਜਸ਼ਨ ਵੀ ਨਿਰਵਿਘਨ ਹੈ

ਵਕਤ ਮੁਸਕਰਾ ਰਿਹਾ ਹੈ—
ਤੇ ਇਹਨਾਂ ਦੀ ਛਾਤੀ ਤੇ ਲਾ ਰਿਹਾ ਹੈ
ਨਿਪੁੰਸਕ ਬਹਾਦਰੀ ਦੇ ਕਈ ਤਮਗ਼ੇ...




## ਜ਼ਿੰਦਗੀ

ਛੇ ਕਦਮ ਪੂਰੇ ਤੇ ਇੱਕ ਅੱਧਾ
ਜੇਲ੍ਹ ਦੀ ਇਕ ਕੋਠੜੀ
ਕਿ ਬੰਦਾ ਬੈਠ ਉੱਠ ਸੱਕੇ,
ਤੇ ਨਿੱਸਲ ਵੀ ਹੋ ਲਵੇ।

"ਰੱਬ" ਦੀ ਇਕ ਬਹੀ ਰੋਟੀ,
"ਸਬਰ" ਦਾ ਬੱਕਲ ਸਲੂਣਾ
ਚਾਹਵੇ ਤਾਂ ਰੱਜ ਪੁੱਜ ਕੇ,
ਉਹ ਦੋਵੇਂ ਡੰਗ ਖਾ ਲਵੇ।

ਤੇ ਜੇਲ੍ਹ ਦੇ ਹਾਤੇ ਦੀ ਗੁੱਠੇ,
ਇੱਕ ਛੱਪੜ ਗਿਆਨ ਦਾ
ਕਿ ਬੰਦਾ ਹੱਥ ਮੂੰਹ ਧੋਵੇ
(ਤੇ ਕੁਝ ਮੱਛਰ ਨਤਾਰ ਕੇ)
ਉਹ ਬੁੱਕ ਭਰ ਕੇ ਪੀ ਲਵੇ।




ਰੂਹ ਦਾ ਇਕ ਜ਼ਖ਼ਮ, ਬੜਾ ਆਮ ਰੋਗ ਹੈ

ਜ਼ਖ਼ਮ ਦੇ ਨੰਗੇਜ ਤੋਂ,
ਜੇ ਬਹੁਤ ਸ਼ਰਮ ਆਵੇ
ਤਾਂ ਸੁਪਨੇ ਦਾ ਟੋਟਾ ਪਾੜ ਕੇ
ਉਹ ਜ਼ਖ਼ਮ ਉੱਤੇ ਦੇ ਲਵੇ।

ਇਸ ਜੇਲ੍ਹ ਦੀ ਇਹ ਬਾਤ
ਕੋਈ ਕਦੇ ਨਾ ਕਰਦਾ,
ਤੇ ਕੋਈ ਕਦੇ ਨਾ ਕਹਿੰਦਾ—

ਕਿ ਦੁਨੀਆਂ ਦੀ ਹਰ ਬਗ਼ਾਵਤ
ਇਕ ਤਾਪ ਵਾਂਗ ਚੜ੍ਹਦੀ
ਤਾਪ ਚੜ੍ਹਦੇ ਤੇ ਉਤਰ ਜਾਂਦੇ—

ਪਰ ਜੇ ਕਦੇ ਇਨਸਾਨ ਨੂੰ
ਆਸ ਦਾ ਕੈਂਸਰ ਨਾ ਹੁੰਦਾ...



## ਦੇਖ ਕਬੀਰਾ ਰੋਇਆ

ਸਾਮਰਾਜ : ਇੱਕ ਟਾਂਵਾਂ ਸ਼ਾਹੀ ਬੂਟਾ
ਹੋਰ ਆਦਮ ਦੀ ਜ਼ਾਤ
ਖੱਬਲ ਦੇ ਵਾਂਗ ਉੱਗੀ
ਹਾਕਮ ਦਾ ਹੁਕਮ ਉੱਨਾ ਹੈ,
ਉਹ ਜਿੰਨਾ ਵੀ ਕਰ ਲਵੇ
ਤੇ ਪਰਜਾ ਦੀ ਪੀੜ ਉੱਨੀ ਹੈ,
ਉਹ ਜਿੰਨੀ ਵੀ ਜਰ ਲਵੇ...



ਸਮਾਜਵਾਦ : ਮਨੁੱਖ ਜ਼ਾਤ ਦਾ ਮੰਦਰ
ਤੇ ਇੱਕ ਇੱਟ ਜਿੰਨੀ
ਇਕ ਮਨੁੱਖ ਦੀ ਕੀਮਤ
ਇਹ ਮੰਦਰ ਦੀ ਲੋੜ ਹੈ,
ਜਾਂ ਠੇਕੇਦਾਰ ਦੀ ਮਰਜ਼ੀ
ਕਿ ਜਿਹੜੀ ਇੱਟ ਨੂੰ,
ਜਿੱਥੇ ਵੀ ਚਾਹੇ ਧਰ ਲਵੇ...

ਦਰਦ ਦਾ ਅਹਿਸਾਸ,
ਕੁਝ ਕੂਲੀਆਂ ਸੋਚਾਂ ਤੇ ਸ਼ਖ਼ਸੀ ਅਜ਼ਾਦੀ
ਬਹੁਤ ਵੱਡੇ ਐਬ ਹਨ,
ਜੇ ਬੰਦਾ ਐਬ ਦੂਰ ਕਰ ਲਵੇ
ਤੇ ਫੇਰ-ਕਦੀ ਚਾਹੇ—
ਤਾਂ ਰੂਹ ਦਾ ਸੋਨਾ ਵੇਚ ਕੇ,
ਤਾਕਤ ਦਾ ਪੇਟ ਭਰ ਲਵੇ...

ਦੀਨੀ ਹਕੂਮਤ : ਰੱਬ ਦੀ ਰਹਿਮਤ
ਸਿਰਫ਼ ਤੱਕਣਾ ਵਰਜਿਤ,
ਤੇ ਬੋਲਣਾ ਵਰਜਿਤ
ਤੇ ਸੋਚਣਾ ਵਰਜਿਤ।

ਹੋਰ ਬੰਦੇ ਦੇ ਮੋਢਿਆਂ ਤੇ
ਲੱਖਾਂ ਸਵਾਲਾਂ ਦਾ ਭਾਰ
ਮਜ਼ਹਬ ਬੜਾ ਮਿਹਰਬਾਨ ਹੈ
ਹਰ ਸਵਾਲ ਨੂੰ ਖ਼ਰੀਦਦਾ
ਪਰ ਜੇ ਕਦੇ ਬੰਦਾ
ਜਵਾਬ ਦਾ ਹੁਦਾਰ ਕਰ ਲਵੇ...

ਤੇ ਬੰਦੇ ਨੂੰ ਭੁੱਖ ਲੱਗੇ
ਤਾਂ ਬਹੀ ਰੋਟੀ "ਰੱਬ" ਦੀ
ਉਹ ਚੁੱਪ ਕਰ ਕੇ ਖਾ ਲਵੇ
ਸਬਰ ਸ਼ੁਕਰ ਕਰ ਲਵੇ,
ਤੇ ਫੇਰ ਜੇ ਚਾਹੇ
ਤਾਂ ਅਗਲੇ ਜਨਮ ਵਾਸਤੇ
ਕੁਝ ਆਪਣੇ ਨਾਲ ਧਰ ਲਵੇ...

ਤੇ ਲੋਕ ਰਾਜ : ਗਾਲ੍ਹੀ ਗਲੌਚ ਦੀ ਖੇਤੀ
ਕਿ ਬੰਦਾ ਜਦੋਂ ਮੂੰਹ ਮਾਰੇ
ਤਾਂ ਜਿੰਨੀ ਚਾਹੇ ਚਰ ਲਵੇ
ਖੁਰਲੀ ਵੀ ਭਰ ਲਵੇ,
ਤੇ ਫੇਰ ਜਦੋਂ ਚਾਹੇ
ਤਾਂ ਉਸੇ ਗਾਲ੍ਹੀ ਗਲੌਚ ਦੀ
ਬਹਿ ਕੇ ਜੁਗਾਲੀ ਕਰ ਲਵੇ...



# ਹੋਂਦ ਵਾਦ

ਸੁਣਿਆਂ ਸੀ ਕਿ ਅੰਬਰ ਦਾ ਨੀਲ ਬਸਤਰ
ਜੋ ਕਦੇ ਆਦਮ ਨੇ ਉਣਿਆਂ ਸੀ
ਮੈਨੂੰ ਵਿਰਸੇ 'ਚ ਮਿਲਿਆ ਹੈ,
ਇੱਕ ਰਾਤ ਤਾਰੇ ਉਧੇੜ ਕੇ
ਤੇ ਟਾਕੀ ਪਾੜ ਕੇ
ਮੈਂ ਗਲ ਵਿਚ ਪਾਣ ਲੱਗ ਪਿਆ।

ਨੰਗੇ ਤੇ ਠੁਰਕਦੇ ਪਿੰਡੇ ਦੀ ਸਹੁੰ
ਕਿ ਉਸ ਦਿਨ ਗ਼ਾਲਿਬ ਦੀ ਇਕ ਗ਼ਜ਼ਲ
ਜ਼ਿਹਨ ਦੇ ਵਿਚ ਖੜੀ ਸੀ;
ਤੇ ਗੁੱਠ ਵਿਚ ਮਕੜੀ ਦਾ ਜਾਲ਼ਾ
ਇਕ ਨਵਾਂ ਮਕਤਾ
ਗੁਣਗੁਨਾਣ ਲੱਗ ਪਿਆ।

ਅੰਗ ਵੀ ਚਕਮਾਕ ਪੱਥਰ ਹੁੰਦੇ ਹਨ,
ਮੈਂ ਹਰ ਲੱਕੜ ਦੀ ਲੰਬ ਵਿੱਚੋ
ਕਈ ਮੂੰਹ ਤੱਕਦਾ ਰਿਹਾ,
ਪਰ ਬੁਝਦੇ ਕੋਲਿਆਂ ਦੀ ਰਾਖ
ਕਮਰੇ ਦੇ ਵਿੱਚੋਂ ਹੂੰਝਣੀ ਸੀ,
ਹੰਝੂ ਦਿੱਤੀ ਹੈ।

ਮੈਂ ਕੱਲ੍ਹ ਰਾਤ ਚੰਨ ਦੀ
ਸੁਰਾਹੀ ਭਰੀ ਸੀ
ਤੇ ਹੁਣੇ ਚੰਨ ਦੀ ਸੁਰਾਹੀ ਵਿਚ
ਮੈਂ ਇਕ ਤਰੇੜ ਵੇਖੀ ਹੈ,
ਤੇ ਉਮਰ ਖ਼ਿਆਮ ਦੀ ਰੁਬਾਈ
ਮੈਂ ਆਪਣੇ ਹੋਠਾਂ ਦੇ ਉੱਤੋਂ ਪੂੰਝ ਦਿੱਤੀ ਹੈ।




ਮੈਂ ਨਿਊਟਨ ਤੇ ਕਾਲੀਦਾਸ ਦੇ
ਵਿਚਕਾਰ ਖੜਾ
ਦੂਰ ਕਦੇ ਇਕ ਪਾਸੇ ਵੇਖਦਾ
ਫੇਰ ਦੂਰ ਦੂਸਰੇ ਪਾਸੇ
ਹੋਂਦ ਦੇ ਦੋਵੇਂ ਸਿਰੇ
ਤੇ ਫਿਰ ਸਵਾਲ ਉਠਦਾ ਹੈ
ਕਿ ਰਸਤੇ ਤੈਅ ਕਰਨੇ ਹਨ.

ਮੈਂ ਨਿਊਟਨ ਤੇ ਕਾਲੀਦਾਸ ਦੇ
ਵਿਚਕਾਰ ਖੜਾ
"ਇਹ ਰਸਤੇ ਤੈਅ ਕਰਨੇ ਹਨ"
ਸਵਾਲ ਮੇਰਾ ਹੈ, ਜਵਾਬ ਵੀ ਮੇਰਾ
"ਨਹੀਂ ਰਸਤੇ ਨਹੀਂ,
ਮੈਂ ਰਸਤਿਆਂ ਦੇ ਅਰਥ ਤੁਰਨੇ ਹਨ"



## ...ਕੁਮਾਰੀ

ਮੈਂ ਤੇਰੀ ਸੇਜ ਤੇ ਜਦ ਪੈਰ ਧਰਿਆ ਸੀ
ਮੈਂ ਇਕ ਨਹੀਂ ਸਾਂ—ਦੋ ਸਾਂ
ਇਕ ਸਾਲਮ ਵਿਆਹੀ,
ਤੇ ਇਕ ਸਾਲਮ ਕੁਆਰੀ
ਸੋ ਤੇਰੇ ਭੋਗ ਦੀ ਖ਼ਾਤਿਰ
ਮੈਂ ਉਸ ਕੁਆਰੀ ਨੂੰ ਕਤਲ ਕਰਨਾ ਸੀ
ਮੈਂ ਕਤਲ ਕੀਤਾ ਸੀ
ਇਹ ਕਤਲ,
ਜੋ ਕਾਨੂੰਨਨ ਜਾਇਜ਼ ਹੁੰਦੇ ਹਨ
ਸਿਰਫ਼ ਉਹਨਾਂ ਦੀ ਜ਼ਿੱਲਤ ਨਾਜਾਇਜ਼ ਹੁੰਦੀ ਹੈ
ਤੇ ਮੈਂ ਉਸ ਜ਼ਿੱਲਤ ਦਾ ਜ਼ਹਿਰ ਪੀਤਾ ਸੀ...




ਫਿਰ ਪਰਭਾਤ ਵੇਲੇ—
ਇਹ ਲਹੂ ਵਿਚ ਭਿੱਜੇ
ਮੈਂ ਆਪਣੇ ਹੱਥ ਵੇਖੇ ਸਨ
ਹੱਥ ਧੋਤੇ ਸਨ—
ਬਿਲਕੁਲ ਉਸ ਤਰ੍ਹਾਂ
ਜਿਉਂ ਹੋਰ ਮੁਸ਼ਕੀ ਅੰਗ ਧੋਣੇ ਸੀ...

ਪਰ ਜਿਉਂ ਹੀ ਮੈਂ ਸ਼ੀਸ਼ੇ ਦੇ ਸਾਹਮਣੇ ਹੋਈ
ਉਹ ਸਾਹਮਣੇ ਖਲੋਤੀ ਸੀ
ਉਹੀ, ਜੋ ਆਪਣੀ ਜਾਚੇ,
ਮੈਂ ਰਾਤੀ ਕਤਲ ਕੀਤੀ ਸੀ...
ਓ ਖ਼ੁਦਾਇਆ !
ਕੀ ਸੇਜ ਦਾ ਹਨੇਰਾ
ਬਹੁਤ ਗਾੜ੍ਹਾ ਸੀ ?
ਮੈਂ ਕਿਹਨੂੰ ਕਤਲ ਕਰਨਾ ਸੀ,
ਤੇ ਕਿਹਨੂੰ ਕਤਲ ਕਰ ਬੈਠੀ...


## ?

ਧਰਤੀ—ਅੱਤ ਸੁੰਦਰ ਕਿਤਾਬ
ਚੰਨ ਸੂਰਜ ਦੀ ਜਿਲਦ ਵਾਲੀ
ਪਰ ਖ਼ੁਦਾਇਆ ! ਇਹ ਭੁੱਖ, ਨੰਗ,
ਸਹਿਮ, ਤੇ ਗੁਲਾਮੀ
ਇਹ ਤੇਰੀ ਇਬਾਰਤ ਹੈ ?
—ਜਾਂ ਪਰੂਫ਼ਾਂ ਦੀਆਂ ਗ਼ਲਤੀਆਂ ?





## ਰਾਜਸੱਤਾ




ਇਕ ਕਾਰਖ਼ਾਨਾ ਜੰਗ ਦਾ
ਰੋਜ਼ ਚਿਮਨੀ ਦੇ ਵਿੱਚੋਂ
ਹਉਕਿਆਂ ਤੇ ਚੀਕਾਂ ਦਾ ਧੂੰਆਂ ਨਿਕਲਦਾ
ਰਾਜਸੱਤਾ
ਇਸੇ ਕਾਰਖ਼ਾਨੇ 'ਚ ਤਿਆਰ ਹੁੰਦੀ ਹੈ।
ਲੋਕ, ਮਾਸ ਦੀਆਂ ਗੰਢਾਂ—
ਸਿਰਫ਼ ਕੱਚਾ ਮਾਲ ਹਨ
ਜੋ ਰਾਜਨੀਤੀ ਦੇ ਵਪਾਰੀ
ਸਮੇਂ ਤੋਂ ਖ਼ਰੀਦਦੇ
ਤੇ ਕਾਰਖ਼ਾਨੇ ਦੀ ਭੱਠੀ 'ਤੇ ਸੇਕਦੇ
ਰੱਬ : ਮਾਸ ਦੀਆਂ ਗੰਢਾਂ ਦਾ
ਸਿਰਫ਼ ਇਕ ਆੜ੍ਹਤੀ।

## ਇਕ ਦ੍ਰਿਸ਼ਟੀਕੋਣ

ਸੂਰਜ ਨੂੰ ਸਾਰੇ ਖ਼ੂਨ ਮਾਫ਼ ਹਨ।
ਦੁਨੀਆਂ ਦੇ ਹਰ ਇਨਸਾਨ ਦਾ
ਉਹ ਰੋਜ਼ 'ਇਕ ਦਿਨ' ਕਤਲ ਕਰਦਾ ਹੈ
ਤੇ ਹਰ ਇਕ ਉਮਰ ਦਾ ਇਕ ਟੁਕੜਾ
ਰੋਜ਼ ਜ਼ਿਬਾਹ ਹੁੰਦਾ ਹੈ
ਇਨਸਾਨ ਦੇ ਅਖ਼ਤਿਆਰ ਸਿਰਫ਼ ਏਨਾ ਹੈ—
ਕਿ ਜ਼ਿਬਾਹ ਹੋਏ ਟੁਕੜੇ ਨੂੰ
ਉਹ ਘਬਰਾ ਕੇ ਸੁੱਟ ਦੇਵੇ, ਤੇ ਡਰੇ,
ਜਾਂ ਨਿਡਰ ਉਸ ਨੂੰ ਕਬਾਬ ਵਾਂਗ ਭੁੰਨੇ, ਖਾਵੇ,
ਤੇ ਸਾਹਵਾਂ ਦੀ ਸ਼ਰਾਬ ਪੀਂਦਾ
ਉਹ ਅਗਲੇ ਟੁਕੜੇ ਦੀ ਉਡੀਕ ਕਰੇ...

## ਆਤਮ-ਮਿਲਣ

ਮੇਰੀ ਸੇਜ ਹਾਜ਼ਰ ਹੈ—
ਪਰ ਜੁੱਤੀ ਤੇ ਕਮੀਜ਼ ਵਾਂਗਣ
ਤੂੰ ਆਪਣਾ ਬਦਨ ਵੀ ਉਤਾਰ ਦੇ
ਪਰ੍ਹਾਂ ਮੂੜ੍ਹੇ 'ਤੇ ਰੱਖ ਦੇ
ਕੋਈ ਖ਼ਾਸ ਗੱਲ ਨਹੀਂ—
ਇਹ ਆਪਣੇ ਆਪਣੇ ਦੇਸ਼ ਦਾ ਰਵਾਜ਼ ਹੈ।



## ਪੈਂਡਾ

ਇਹ ਪੈਂਡਾ ਹੈ ਓਸ ਲਫ਼ਜ਼ ਦਾ—
ਜੋ ਲਫ਼ਜ਼ ਤੂੰ ਨਹੀਂ ਬੋਲਿਆ
ਜੋ ਲਫ਼ਜ਼ ਮੈਂ ਨਹੀਂ ਬੋਲਿਆ
ਤੇ ਉਮਰ ਦੇ ਇਸ ਪੈਰ ਵਿਚ
ਇਕ ਹੋਰ ਚੰਡੀ ਪੈ ਗਈ
ਤੇ ਕਹਿ ਗਈ
ਕਿ ਅਜੇ ਵੀ ਮੈਂ ਇਕ ਲਫ਼ਜ਼ ਪਰ੍ਹੇ ਹਾਂ
ਪਰ ਕਬਰਾਂ ਦੀ ਲੰਬੀ ਕਤਾਰ ਤੋਂ
ਮੈਂ ਇਕ ਲਫ਼ਜ਼ ਉਰ੍ਹੇ ਹਾਂ
ਤੇ ਸ਼ਾਇਦ ਇਹੀ
ਖ਼ੁਦਾ ਦਾ ਫ਼ਜ਼ਲ ਹੁੰਦਾ ਹੈ...

## ਜ਼ਰਾਬਕਤਰ

ਮੈਂ ਦੋਸਤੀ ਦਾ ਜ਼ਰਾਬਕਤਰ ਪਹਿਨ ਲੀਤਾ ਹੈ
ਤੇ ਨੰਗੇ ਬਦਨ ਨੂੰ ਹੁਣ ਕੁਝ ਨਹੀਂ ਛੋਂਹਦਾ

ਨਾ ਦੁਸ਼ਮਨ ਦਾ ਹੱਥ ਛੋਂਹਦਾ ਹੈ
ਨਾ ਦੋਸਤ ਦੀਆਂ ਬਾਹਵਾਂ ਛੋਂਹਦੀਆਂ।
ਮੈਂ ਦੋਸਤੀ ਦਾ ਜ਼ਰਾਬਕਤਰ ਪਹਿਨ ਲੀਤਾ ਹੈ
ਮੈਂ ਖ਼ੁਸ਼ ਹਾਂ,
ਸਿਰਫ਼ ਇਹ ਕਿਉਂ ਪੁੱਛਦੇ ਹੋ ਮੈਨੂੰ
ਕਿ ਕੁਝ ਖ਼ੁਸ਼ੀਆਂ ਏਨੀਆਂ ਉਦਾਸ ਕਿਉਂ ਹੁੰਦੀਆਂ ?

ਹੁਣੇ ਕੁਝ ਉੱਡਦੀਆਂ ਚਿੜੀਆਂ
ਮੇਰੇ ਮੱਥੇ 'ਤੇ ਬੈਠ ਗਈਆਂ ਸਨ
ਸ਼ਾਇਦ ਜ਼ਰਾਬਕਤਰ ਨੂੰ—
ਇਕ ਰੁੱਖ ਦੀ ਹਰਿਆਵਲ ਸਮਝ ਕੇ
ਪਰ ਲੋਹੇ ਦੇ ਪੱਤਿਆਂ ਨੂੰ ਚੁੰਝ ਮਾਰ ਕੇ—
ਉਹ ਹੁਣੇ ਚਿਚਲਾਈਆਂ ਸਨ,
ਤੇ ਮੇਰੇ ਮੱਥੇ ਤੋਂ ਉੱਡ ਗਈਆਂ ਹਨ...



ਝੱਲੀਆਂ ਚਿੜੀਆਂ
ਜ਼ਰਾਬਕਤਰ ਵੀ ਭਲਾ
ਕਦੇ ਚਿੜੀਆਂ ਤੋਂ ਡਰਦਾ ਹੈ ?
ਪਰ ਸ਼ਾਇਦ ਕੋਈ ਚੁੰਝ
ਉਨ੍ਹਾਂ ਮਾਸ 'ਤੇ ਵੀ ਮਾਰੀ ਸੀ
ਮੇਰੇ ਮੱਥੇ ਦਾ ਮਾਸ
ਕੁਝ ਪੀੜ ਜਿਹਾ ਕਰਦਾ ਹੈ...

ਵਕਤ ਨੇ ਅਜ ਗਲੇ ਵਿਚੋਂ—
ਹਰ ਕਪੜਾ ਉਤਾਰ ਦਿੱਤਾ ਹੈ

ਕੁਲ ਤਿੰਨ ਜੋੜੇ ਹੀ ਸਨ—
ਇਕ ਭੂਤ ਦਾ, ਇਕ ਵਰਤਮਾਨ ਦਾ,
ਤੇ ਇਕ ਭਵਿੱਖ ਦਾ
ਤੇ ਸ਼ਾਇਦ ਤਿੰਨੇ ਹੀ ਜੋੜੇ ਬਹੁਤ ਮੈਲੇ ਸਨ
ਤੇ ਨੰਗਾ ਵਕਤ ਹੁਣ ਕੰਧ ਕੋਲ ਖੜਾ
ਕੁਝ ਸ਼ਰਮਿੰਦਾ ਜਿਹਾ ਲਗਦਾ ਹੈ,
ਜਾਂ ਉਸ ਦੀ ਨੰਗੀ ਪਿੱਠ 'ਤੇ
ਇਹ ਜੋ ਕੁਝ ਸਿਸਕਦਾ
ਇਹ ਮੇਰੀਆਂ ਅੱਖਾਂ ਦਾ ਅਕਸ ਹੈ ?
ਤੇ ਉਸ ਨੇ ਆਪਣਾ ਨਹੀਂ,
ਮੇਰਾ ਨੰਗੇਜ ਪੀਤਾ ਹੈ ?
ਪਰ ਮੈਂ...ਮੈਂ ਤਾਂ ਇਸ ਸਮੇਂ ਨੰਗਾ ਨਹੀਂ
ਮੈਂ ਦੋਸਤੀ ਦਾ ਜ਼ਰਾਬਕਤਰ
ਪਹਿਨ ਲੀਤਾ ਹੈ।



## ਮੈਂ

ਬਹੁਤ ਸਮਕਾਲੀ ਹਨ—
ਸਿਰਫ਼ ਇਕ "ਮੈਂ"
ਮੇਰਾ ਸਮਕਾਲੀ ਨਹੀਂ...

"ਮੈਂ" ਬਿਨਾਂ ਮੇਰਾ ਜਨਮ—
ਪੁੰਨ ਦੀ ਥਾਲੀ ਦੇ ਵਿਚ
ਅਪਰਾਧ ਦਾ ਇਕ ਸਗਣ ਹੈ...
ਮਾਸ ਦੇ ਵਿਚ ਕੈਦ ਹੋਇਆ
ਮਾਸ ਦਾ ਇਕ ਛਿਣ ਹੈ...

ਤੇਂ ਮਾਸ ਦੀ ਇਸ ਜੀਭ ਉਤੇ—
ਜਦੋਂ ਵੀ ਕੋਈ ਲਫ਼ਜ਼ ਆਉਂਦਾ,
ਖ਼ੁਦਕਸ਼ੀ ਕਰਦਾ,
ਜੇ ਖ਼ੁਦਕਸ਼ੀ ਤੋਂ ਬਚਦਾ—
ਕਾਗ਼ਜ਼ 'ਤੇ ਉਤਰਦਾ
ਤਾਂ ਕਤਲ ਹੁੰਦਾ ਹੈ...

ਬੰਦੂਕ ਦੀ ਗੋਲੀ—
ਜੇ ਇਕ ਵਾਰ ਮੈਨੂੰ ਹਨੋਈ ਵਿਚ ਲਗਦੀ ਹੈ,
ਤਾਂ ਦੂਸਰੀ ਵਾਰੀ ਪਰਾਗ ਵਿਚ ਲਗਦੀ...

ਤੇ ਇਕ ਧੂੰਆਂ ਹਵਾ ਦੇ ਵਿਚ ਤਰਦਾ ਹੈ,
ਤੇ ਮੇਰਾ "ਮੈਂ"
ਅਠਮਾਹੇ ਬੱਚੇ ਦੀ ਤਰ੍ਹਾਂ ਮਰਦਾ ਹੈ।
ਕੀ ਕਿਸੇ ਦਿਨ, ਇਹ ਮੇਰਾ "ਮੈਂ",
ਮੇਰਾ ਸਮਕਾਲੀ ਬਣੇਗਾ ?

## ਮੇਰਾ ਪਤਾ

ਅਜ ਮੈਂ ਆਪਣੇ ਘਰ ਦਾ
ਨੰਬਰ ਮਿਟਾਇਆ ਹੈ
ਗਲੀ ਦੇ ਮੱਥੇ 'ਤੇ ਲੱਗਾ
ਗਲੀ ਦਾ ਨਾਉਂ ਹਟਾਇਆ ਹੈ
ਤੇ ਹਰ ਸੜਕ ਦੀ ਦਿਸ਼ਾ ਦਾ ਨਾਉਂ
ਪੂੰਝ ਦਿੱਤਾ ਹੈ...

ਪਰ ਜੇ ਤੁਸਾਂ ਮੈਨੂੰ ਜ਼ਰੂਰ ਲੱਭਣਾ ਹੈ
ਤਾਂ ਹਰ ਦੇਸ ਦੇ, ਹਰ ਸ਼ਹਿਰ ਦੀ,
ਹਰ ਗਲੀ ਦਾ ਬੂਹਾ ਠਕੋਰੋ
ਇਹ ਇਕ ਸਰਾਪ ਹੈ, ਇਕ ਵਰ ਹੈ
ਤੇ ਜਿੱਥੇ ਵੀ ਸੁਤੰਤਰ ਰੂਹ ਦੀ ਝਲਕ ਪਵੇ
—ਸਮਝਣਾ ਉਹ ਮੇਰਾ ਘਰ ਹੈ...




# ਇਕ ਮੁਲਾਕਾਤ

ਕਈ ਵਰ੍ਹਿਆਂ ਦੇ ਪਿੱਛੋਂ
ਅਚਾਨਕ ਇਕ ਮੁਲਾਕਾਤ
ਤੇ ਦੋਹਾਂ ਦੀ ਜਿੰਦ
ਇਕ ਨਜ਼ਮ ਵਾਂਗ ਕੰਬੀ...

ਸਾਹਵੇਂ ਸਮੁੱਚੀ ਰਾਤ ਸੀ
ਪਰ ਅੱਧੀ ਨਜ਼ਮ
ਇਕ ਗੁੱਠ ਵਿਚ ਲੱਗੀ ਰਹੀ
ਤੇ ਅੱਧੀ ਨਜ਼ਮ
ਇਕ ਗੁੱਠ ਵਿਚ ਲੱਗੀ ਰਹੀ...

ਫਿਰ ਸਵੇਰ ਸਾਰ—
ਅਸੀ ਕਾਗ਼ਜ਼ ਦੇ ਪਾਟੇ ਹੋਏ
ਟੁਕੜਿਆਂ ਦੀ ਤਰ੍ਹਾਂ ਮਿਲੇ
ਮੈਂ ਆਪਣੇ ਹੱਥ ਵਿਚ
ਉਹਦਾ ਹੱਥ ਫੜਿਆ
ਉਸ ਆਪਣੀ ਬਾਂਹ ਵਿਚ
ਮੇਰੀ ਬਾਂਹ ਲੀਤੀ



ਤੇ ਫੇਰ ਅਸੀ ਦੋਵੇਂ
ਇਕ ਸੈਂਸਰ ਦੀ ਤਰ੍ਹਾਂ ਹੱਸੇ
ਤੇ ਕਾਗ਼ਜ਼ ਨੂੰ ਇਕ ਠੰਢੇ
ਮੇਜ਼ 'ਤੇ ਰੱਖ ਕੇ
ਉਸ ਸਾਰੀ ਨਜ਼ਮ 'ਤੇ
ਇਕ ਲੀਕ ਫੇਰ ਦਿੱਤੀ...

# ਇਕ ਮੁਲਾਕਾਤ

ਮੈਂ ਚੁੱਪ ਸ਼ਾਂਤ ਤੇ ਅਡੋਲ ਖੜੀ ਸਾਂ
ਸਿਰਫ਼ ਕੋਲ ਵਗਦੇ
ਸਮੁੰਦਰ ਦੇ ਵਿਚ ਤੂਫ਼ਾਨ ਸੀ...

ਫਿਰ ਸਮੁੰਦਰ ਨੂੰ ਰੱਬ ਜਾਣੇ
ਕੀ ਖ਼ਿਆਲ ਆਇਆ
ਉਸ ਆਪਣੇ ਤੂਫ਼ਾਨ ਦੀ
ਇਕ ਪੋਟਲੀ ਬੰਨ੍ਹੀ
ਮੇਰੇ ਹੱਥਾਂ 'ਚ ਫੜਾਈ,
ਤੇ ਹੱਸ ਕੇ ਕੁਝ ਪਰ੍ਹਾਂ ਹੋ ਗਿਆ...

ਹੈਰਾਨ ਸਾਂ—
ਪਰ ਉਸ ਦਾ ਚਮਤਕਾਰ ਫੜ ਲਿਆ
ਪਤਾ ਸੀ—
ਕਿ ਅਜਿਹੀ ਘਟਨਾ ਕਦੇ ਸਦੀਆਂ 'ਚ ਹੁੰਦੀ ਹੈ...

ਲੱਖਾਂ ਖ਼ਿਆਲ ਆਏ,
ਮੱਥੇ 'ਚ ਝਿਲਮਿਲਾਏ

ਪਰ ਖਲੋਤੀ ਰਹਿ ਗਈ,
ਕਿ ਇਸ ਨੂੰ ਚੁੱਕ ਕੇ
ਅਜ ਆਪਣੇ ਸ਼ਹਿਰ ਵਿਚ
ਮੈਂ ਕਿਵੇਂ ਜਾਵਾਂਗੀ ?
ਮੇਰੇ ਸ਼ਹਿਰ ਦੀ
ਹਰ ਗਲੀ ਭੀੜੀ ਹੈ
ਮੇਰੇ ਸ਼ਹਿਰ ਦੀ
ਹਰ ਛੱਤ ਨੀਵੀਂ ਹੈ

ਮੇਰੇ ਸ਼ਹਿਰ ਦੀ
ਹਰ ਕੰਧ ਚੁਗ਼ਲੀ ਹੈ...

ਮੈਂ ਸੋਚਿਆ—ਜੇ ਤੂੰ ਕਿਤੇ ਲੱਭੇਂ
ਤਾਂ ਸਮੁੰਦਰ ਦੀ ਤਰ੍ਹਾਂ
ਇਹਨੂੰ ਛਾਤੀ ਤੇ ਰੱਖ ਕੇ
ਅਸੀਂ ਦੋ ਕਿਨਾਰਿਆਂ ਦੀ ਤਰ੍ਹਾਂ
ਹੱਸ ਸਕਦੇ ਸਾਂ
ਤੇ ਨੀਵੀਆਂ ਛੱਤਾਂ,
ਤੇ ਭੀੜੀਆਂ ਗਲੀਆਂ ਦੇ
ਸ਼ਹਿਰ ਵਿਚ ਵੱਸ ਸਕਦੇ ਸਾਂ...



ਪਰ ਸਾਰੀ ਦੁਪਹਿਰ
ਤੈਨੂੰ ਲਭਦਿਆਂ ਬੀਤੀ
ਤੇ ਆਪਣੀ ਅੱਗ ਦਾ
ਮੈਂ ਆਪੇ ਹੀ ਘੁੱਟ ਪੀਤਾ,
ਮੈਂ ਇਕ ਕੱਲਾ ਕਿਨਾਰਾ,
ਕਿਨਾਰੇ ਨੂੰ ਖੋਰ ਲੀਤਾ,
ਤੇ ਦਿਹੁੰ ਲਹਿਣ ਵੇਲੇ—
ਸਮੁੰਦਰ ਦਾ ਤੂਫ਼ਾਨ
ਸਮੁੰਦਰ ਨੂੰ ਮੋੜ ਦਿੱਤਾ...

ਹੁਣ ਰਾਤ ਪੈਣ ਲੱਗੀ
ਤਾਂ ਤੂੰ ਮਿਲਿਆ ਏਂ
ਤੂੰ ਵੀ ਉਦਾਸ, ਚੁੱਪ, ਸ਼ਾਂਤ, ਤੇ ਅਡੋਲ,
ਮੈਂ ਵੀ ਉਦਾਸ, ਚੁੱਪ, ਸ਼ਾਂਤ, ਤੇ ਅਡੋਲ
ਸਿਰਫ਼—ਦੂਰ ਵਗਦੇ
ਸਮੁੰਦਰ ਦੇ ਵਿਚ ਤੂਫ਼ਾਨ ਹੈ...



# ਸਟਿੱਲ ਲਾਈਫ਼

ਇਹ ਜੱਲ੍ਹਿਆਂ ਵਾਲਾ –
ਤੇ ਉਸ ਦੀ ਕੰਧ ਵਿਚ,
ਚੁੱਪ ਚਾਪ ਬੈਠੇ, ਗੋਲੀਆਂ ਦੇ ਛੇਕ।

ਇਹ ਸਾਇਬੇਰੀਆ –
ਤੇ ਉਸ ਦੀ ਜ਼ਮੀਨ 'ਤੇ,
ਚੀਕਾਂ ਦੇ ਟੁਕੜੇ, ਬਰਫ਼ ਵਿਚ ਜੰਮੇ।

ਕਾਂਸਟ੍ਰੇਸ਼ਨ ਕੈਂਪ –
ਮਨੁੱਖੀ ਮਾਸ ਦੀ ਹਵਾੜ੍ਹ
ਭੱਠੀਆਂ ਦੀ ਰਾਖ ਵਿਚ ਸੁੱਤੀ।

ਇਹ ਕਰਾਗੂਏਵਾਚ –
ਜਿਹਦੀ ਕੁੱਲ ਵੱਸੋਂ,
ਇਕ ਪੱਥਰ ਦੇ ਬੁੱਤ ਵਿਚ ਸਿਮਟੀ।



ਇਹ ਹੀਰੋਸ਼ੀਮਾ ਹੈ –
ਜੋ ਇਕ ਗੁੱਠੇ ਇਕ ਪਾਟੇ ਹੋਏ
ਦਸਤਾਵੇਜ਼ ਵਾਂਗ ਡਿੱਗਾ।

ਤੇ ਇਹ ਪਰਾਗ –
ਜੋ ਸਾਹ ਘੁੱਟ ਕੇ
ਅੱਜ ਸੈਂਸਰ ਦੀ ਪੀਡੀ ਮੁੱਠ ਵਿਚ ਬੈਠਾ।

ਹਰ ਚੀਜ਼ ਚੁੱਪ ਤੇ ਅਡੋਲ ਹੈ
ਸਿਰਫ਼ ਮੇਰੀ ਛਾਤੀ ਦੇ ਵਿੱਚੋਂ
ਇਕ ਉੱਭਾ ਸਾਹ ਨਿਕਲਦਾ
ਤੇ ਧਰਤੀ ਦਾ ਹਰ ਟੁਕੜਾ
ਹਿੱਲ ਜਿਹਾ ਜਾਂਦਾ...

## ਮਾਰਤਿਨ ਲੂਥਰ ਕਿੰਗ

ਤੇਰੀ ਬਾਤ ਮੋਈ ਹੈ
ਮੈਂ ਉਸ ਦੇ ਕੰਬਦੇ ਹੱਥਾਂ
ਸੁੱਜੀਆਂ ਅੱਖਾਂ
ਤੇ ਨੀਲਿਆਂ ਹੋਠਾਂ ਦੀ ਗੱਲ ਨਹੀਂ ਕਰਦੀ
ਸਿਰਫ਼ ਇਹ —
ਕਿ ਉਸ ਦੀ ਲਾਸ਼ ਨੂੰ
ਨੁਹਾਣ ਲੱਗਿਆਂ ਮੈਂ ਵੇਖਿਆ
ਕਿ ਬਾਤ ਦੇ ਗਰਭ ਵਿਚ ਇਕ ਨਜ਼ਮ ਸੀ...

## ਕਾਜ਼ਾਨ ਜ਼ਾਕਿਸ

ਮੈਂ ਜ਼ਿੰਦਗੀ ਨੂੰ ਇਸ਼ਕ ਕੀਤਾ ਸੀ
ਪਰ ਜ਼ਿੰਦਗੀ, ਇਕ ਵੇਸ਼ਵਾ ਦੀ ਤਰ੍ਹਾਂ
ਮੇਰੇ ਇਸ਼ਕ 'ਤੇ ਹੱਸਦੀ ਰਹੀ
ਤੇ ਮੈਂ ਉਦਾਸ, ਇਕ ਨਾਮੁਰਾਦ ਆਸ਼ਕ
ਸੋਚਾਂ ਦੇ ਵਿਚ ਘੁਲਦਾ ਰਿਹਾ...
ਪਰ ਜਦੋਂ ਇਸ ਵੇਸ਼ਵਾ ਦਾ ਹਾਸਾ
ਮੈਂ ਕਾਗ਼ਜ਼ 'ਤੇ ਉਤਾਰਿਆ
ਤਾਂ ਹਰ ਅੱਖਰ ਦੇ ਸੰਘ ਵਿਚੋਂ
ਇਕ ਚੀਖ਼ ਨਿਕਲੀ
ਤੇ ਖ਼ੁਦਾ ਦਾ ਆਸਨ
ਕਿੰਨਾ ਹੀ ਚਿਰ ਹਿਲਦਾ ਰਿਹਾ...



## ਮੈਰੇਲਿਨ ਮੱਾਨਰੋ

ਜ਼ਿੰਦਗੀ ਇਕ ਮੈਲੇ ਰੁਮਾਲ ਦੀ ਤਰ੍ਹਾਂ –
ਮੈਂ ਬੋਝੇ ਦੇ ਵਿਚ ਪਾਈ ਫਿਰਦੀ ਸਾਂ...
ਖੌਰੇ ਹਜ਼ਾਰ ਵਾਰੀ ਮੈਂ ਇਸ ਦੇ ਨਾਲ
ਮੱਥੇ ਦਾ ਮੁੜ੍ਹਕਾ ਪੂੰਝਿਆ
ਤੇ ਅੱਜ ਇਸ ਨੂੰ
ਮੈਂ ਮੌਤ ਦੇ ਚਸ਼ਮੇ ਤੇ ਧੋਣ ਚੱਲੀ ਹਾਂ...



## ਅੰਮ੍ਰਿਤਾ

ਇਕ ਦਰਦ ਸੀ–
ਜੋ ਸਿਗਰਟ ਦੀ ਤਰ੍ਹਾਂ
ਮੈਂ ਚੁੱਪ ਚਾਪ ਪੀਤਾ ਹੈ
ਸਿਰਫ਼ ਕੁਝ ਨਜ਼ਮਾਂ ਹਨ–
ਜੋ ਸਿਗਰਟ ਦੇ ਨਾਲੋਂ
ਮੈਂ ਰਾਖ ਵਾਂਗਣ ਝਾੜੀਆਂ...

## ਵਕਤ

ਸਾਹਮਣੇ ਅਖ਼ਬਾਰ ਸੀ—ਵੀਕਲੀ ਮਰਕਰੀ
ਤੇ ਨਜ਼ਰ, ਖ਼ਬਰਾਂ ਦੀ ਤਿਮੰਜ਼ਲੀ ਇਮਾਰਤ ਤੇ ਖੜੀ ਸੀ...
ਅਚਾਨਕ ਪੈਰ ਤਿਲਕਿਆ,
ਤੇ ਉਹ ਉਤਲੀ ਛੱਤ ਤੋਂ ਡਿੱਗੀ
ਹੇਠਾਂ ਇਸ਼ਤਹਾਰ ਦੀ ਇਕ ਨੰਗੀ ਸੜਕ ਸੀ—
"ਇਕ ਖ਼ੁਸ਼ਨੁਮਾ ਨੀਗਰੋ ਔਰਤ ਵਿਕਾਊ ਹੈ..."

ਨਜ਼ਰ, ਮੂਧੇ ਮੂੰਹ ਅੱਖਰਾਂ 'ਤੇ ਲੱਗੀ ਰਹੀ
ਤੇ ਗੋਡਿਆਂ ਦੇ ਭਾਰ ਸੜਕ ਤੇ ਡਿੱਗੀ ਰਹੀ...

ਵਕਤ ਕਿਤੇ ਕੋਲੋਂ ਦੀ ਲੰਘਦਾ ਸੀ, ਉਸ ਵੇਖਿਆ
ਸੜਕ ਤੋਂ ਚੁਕਿਆ
ਤੇ ਨਜ਼ਰ ਨੂੰ ਉਸ ਨੇ ਅਖ਼ਬਾਰ ਦੀ ਤਾਰੀਖ਼ ਦੱਸੀ
"ਮੰਗਲਵਾਰ, ਉੱਨੀ ਫ਼ਰਵਰੀ, ਸੰਨ ਸਤਾਰਾਂ ਸੌ ਬਾਈ..."
ਨਜ਼ਰ ਸਿਸਕੀ,
ਤੇ ਉਹਦਾ ਹੱਥ ਫੜੀ ਕਹਿਣ ਲੱਗੀ :
ਤੂੰ ਸਚਮੁਚ ਉਹੀ ਏਂ ਕਿ ਬਦਲ ਚੁੱਕਾ ਏਂ ?
ਇਹ...ਤੂੰ...ਕੀ...ਕੀ...ਤਾਂ ?

ਉਸ ਆਪਣੇ ਹੋਠ ਨੂੰ ਦੰਦਾਂ 'ਚ ਟੁੱਕਿਆ
ਤੇ ਮੂੰਹ ਫੇਰ ਲੀਤਾ...

ਪਰ ਮੂੰਹ ਫੇਰਨ ਤੋਂ ਪਹਿਲਾਂ
ਉਸ ਇਕ ਵਾਰ ਤੱਕਿਆ
ਤੇ ਸ਼ਰਮਿੰਦਾ ਜਿਹਾ ਕਹਿਣ ਲੱਗਾ—
"ਕਹਿ ਨਹੀਂ ਸਕਦਾ
ਸ਼ਾਇਦ ਉਹੀ ਹਾਂ,
ਪਰ ਹੁਣ ਮੈਂ ਇਸ਼ਤਿਹਾਰ ਦਾ ਸ਼ੀਸ਼ਾ ਨਹੀਂ ਤੱਕਦਾ..."



## ਇਕ ਸੋਚ

.ਭਾਰਤ ਦੀਆਂ ਗਲੀਆਂ ਵਿਚ ਭਟਕਦੀ ਹਵਾ
ਚੁੱਲ੍ਹੇ ਦੀ ਅੱਗ ਫੋਲਦੀ
ਹੁਦਾਰੇ ਅੰਨ ਦੀ ਇਕ ਬੁਰਕੀ ਤੋੜਦੀ
ਤੇ ਗੋਡਿਆਂ 'ਤੇ ਹੱਥ ਰੱਖ ਕੇ ਫੇਰ ਉਠਦੀ ਹੈ...

ਚੀਨ ਦੇ ਪੀਲੇ ਤੇ ਜ਼ਰਦ ਹੋਠਾਂ ਦੇ ਫਲੂਹੇ
ਅਜ ਵਿਲਕ ਕੇ ਇਕ ਵਾਜ ਦੇਂਦੇ ਹਨ
ਉਹ ਜਾਂਦੀ ਤੇ ਹਰ ਇਕ ਸੰਘ ਵਿਚ ਸੁਕਦੀ
ਤੇ ਫੇਰ ਚੀਕ ਮਾਰ ਕੇ
ਉਹ ਵੀਅਤਨਾਮ ਵਿਚ ਡਿਗਦੀ ਹੈ...

ਮਸਾਣ ਘਰਾਂ 'ਚੋਂ ਬੜੀਆਂ ਹਵਾੜ੍ਹਾਂ ਔਂਦੀਆਂ
ਤੇ ਸਮੁੰਦਰੋਂ ਪਾਰ ਬੈਠੇ—
ਮਸਾਣ ਘਰਾਂ ਦੇ ਵਾਰਿਸ
ਬਾਰੂਦ ਦੀ ਹਵਾੜ੍ਹ ਨੂੰ
ਸ਼ਰਾਬ ਦੀ ਹਵਾੜ੍ਹ ਵਿਚ ਭਿਉਂਦੇ ਹਨ,
ਬਿਲਕੁਲ ਉਸ ਤਰ੍ਹਾਂ, ਜਿਸ ਤਰ੍ਹਾਂ—
ਕਿ ਮਸਾਣ ਘਰਾਂ ਦੇ ਦੂਸਰੇ ਵਾਰਿਸ
ਭੁੱਖ ਦੀ ਹਵਾੜ੍ਹ ਨੂੰ
ਤਕਦੀਰ ਦੀ ਹਵਾੜ੍ਹ ਵਿਚ ਭਿਉਂਦੇ ਹਨ
ਤੇ ਲੋਕਾਂ ਦੇ ਦੁੱਖ ਦੀ ਹਵਾੜ੍ਹ ਨੂੰ—
ਤਕਰੀਰ ਦੀ ਹਵਾੜ੍ਹ ਵਿਚ ਭਿਉਂਦੇ ਹਨ...

ਇਜ਼ਰਾਈਲ ਦੀ ਸੱਜਰੀ ਮਿੱਟੀ
ਜਾਂ ਪੁਰਾਣੀ ਰੇਤ ਅਰਬ ਦੀ
ਜੋ ਲਹੂ ਵਿਚ ਭਿਜਦੀ ਹੈ
ਤੇ ਜਿਸ ਦੀ ਹਵਾੜ੍ਹ—
ਖ਼ਾਹਮਖ਼ਾਹ ਸ਼ਹਾਦਤ ਦੇ ਜਾਮ ਵਿਚ ਡੁਬਦੀ ਹੈ...

ਛਾਤੀ ਦੀਆਂ ਗਲੀਆਂ ਵਿਚ ਭਟਕਦੀ ਹਵਾ
ਇਹ ਸੱਭੇ ਹਵਾੜ੍ਹਾਂ ਸੁੰਘਦੀ ਤੇ ਸੋਚਦੀ—
ਕਿ ਧਰਤੀ ਦੇ ਘਰੋਂ
ਸੂਤਕ ਦੀ ਮਹਿਕ ਕਦੋਂ ਆਵੇਗੀ ?
ਕੋਈ ਇੜਾ—ਕਿਸੇ ਮੱਥੇ ਦੀ ਨਾੜ
—ਕਦੋਂ ਗਰਭਵਤੀ ਹੋਵੇਗੀ ?
ਗੁਲਾਬੀ ਮਾਸ ਦਾ ਸੁਪਨਾ—
ਅਜ ਸਦੀਆਂ ਦੇ ਗਿਆਨ ਤੋਂ
ਵੀਰਜ ਦੀ ਬੂੰਦ ਮੰਗਦਾ...





# ਇਕ ਖ਼ਤ

ਮੈਂ—ਇਕ ਪਰਛੱਤੀ 'ਤੇ ਪਈ ਪੁਸਤਕ
ਸ਼ਾਇਦ ਸਾਧ ਬਚਨ ਹਾਂ,
ਜਾਂ ਭਜਨ ਮਾਲਾ ਹਾਂ,
ਜਾਂ ਕਾਮਸੂਤਰ ਦਾ ਇਕ ਕਾਂਡ,
ਜਾਂ ਕੁਝ ਆਸਣ
ਤੇ ਗੁਪਤ ਰੋਗਾਂ ਦੇ ਟੋਟਕੇ,
ਪਰ ਜਾਪਦਾ—
ਮੈਂ ਇਨ੍ਹਾਂ ਵਿਚੋਂ ਕੁਝ ਵੀ ਨਹੀਂ
(ਕੁਝ ਹੁੰਦੀ ਤਾਂ ਜ਼ਰੂਰ ਕੋਈ ਪੜ੍ਹਦਾ)

ਤੇ ਜਾਪਦਾ—
ਇਕ ਕ੍ਰਾਂਤੀਕਾਰੀਆਂ ਦੀ ਸਭਾ ਹੋਈ ਸੀ
ਤੇ ਸਭਾ ਵਿਚ
ਜੋ ਮਤਾ ਪਾਸ ਹੋਇਆ ਸੀ
ਮੈਂ ਉਸੇ ਦੀ
ਇਕ ਹੱਥ ਲਿਖਤ ਕਾਪੀ ਹਾਂ,
ਤੇ ਫੇਰ ਉਤੋਂ ਪੁਲਿਸ ਦਾ ਛਾਪਾ
ਤੇ ਜੋ ਕੁਝ ਪਾਸ ਹੋਇਆ ਸੀ,
ਕਦੇ ਲਾਗੂ ਨਾ ਹੋਇਆ
ਸਿਰਫ਼ 'ਕਾਰਵਾਈ' ਖ਼ਾਤਰ
ਸਾਂਭ ਕੇ ਰਖਿਆ ਗਿਆ...

ਤੇ ਹੁਣ ਸਿਰਫ਼
ਕੁਝ ਚਿੜੀਆਂ ਆਉਂਦੀਆਂ
ਚੁੰਝ ਵਿਚ ਤੀਲੇ ਲਿਆਉਂਦੀਆਂ
ਤੇ ਮੇਰੇ ਬਦਨ ਉਤੇ ਬੈਠ ਕੇ
ਉਹ ਦੂਸਰੀ ਪੀੜ੍ਹੀ ਦਾ
ਫ਼ਿਕਰ ਕਰਦੀਆਂ

(ਦੂਸਰੀ ਪੀੜ੍ਹੀ ਦਾ ਫ਼ਿਕਰ
ਕਿੰਨਾ ਹੁਸੀਨ ਫ਼ਿਕਰ ਹੈ)
ਕਿਸੇ ਉਪਰਾਲੇ ਲਈ
ਚਿੜੀਆਂ ਦੇ ਖੰਭ ਹੁੰਦੇ ਹਨ
ਪਰ ਕਿਸੇ ਮਤੇ ਦਾ
ਕੋਈ ਖੰਭ ਨਹੀਂ ਹੁੰਦਾ
(ਜਾਂ ਕਿਸੇ ਮਤੇ ਦੀ
ਕੋਈ ਦੂਸਰੀ ਪੀੜ੍ਹੀ ਨਹੀਂ ਹੁੰਦੀ ?)

ਸਿਰਫ਼ ਕਦੇ ਸੋਚਦੀ ਹਾਂ—
ਸੁੰਘ ਕੇ ਵੇਖਾਂ
ਕਿ ਮੇਰਾ ਭਵਿੱਖ ਕਿੱਥੇ ਹੈ ?
ਤੇ ਏਸ ਫ਼ਿਕਰ ਵਿਚ
ਮੇਰੀ ਕੁਝ ਜਿਲਦ ਲਹਿੰਦੀ ਹੈ,
ਪਜ ਜਦੋਂ ਵੀ ਕੁਝ ਸੁੰਘਣਾ ਚਾਹਵਾਂ
ਸਿਰਫ਼ ਵਿੱਠਾਂ ਦੀ ਹਵਾੜ੍ਹ ਆਉਂਦੀ ਹੈ...

ਓ ਮੇਰੀ ਧਰਤੀ ਦੇ ਭਵਿੱਖ !
ਮੈਂ—ਤੇਰੀ ਵਰਤਮਾਨ ਦਸ਼ਾ...



## ਸਫ਼ਰਨਾਮਾ

ਰੰਗਾ ਜਲ ਤੋਂ ਲੈ ਕੇ ਵੋਡਕਾ ਤੀਕਣ
ਇਹ ਸਫ਼ਰਨਾਮਾ ਹੈ ਮੇਰੀ ਪਿਆਸ ਦਾ...
ਸਾਦਾ ਪਵਿਤ੍ਰ ਜਨਮ ਦੇ,—
ਸਾਦਾ ਅਪਵਿਤ੍ਰ ਕਰਮ ਦਾ, ਇਕ ਸਾਦਾ ਇਲਾਜ
ਤੇ ਕਿਸੇ ਮਹਿਬੂਬ ਚੇਹਰੇ ਨੂੰ
ਇਕ ਛਲਕਦੇ ਗਲਾਸ ਵਿਚ ਤੱਕਣ ਦਾ ਜਤਨ
ਤੇ ਆਪਣੇ ਪਿੰਡੇ ਦੇ ਉਤੋਂ
ਇਕ ਸਤ ਪਰਾਏ ਜ਼ਖ਼ਮ ਨੂੰ ਭੁੱਲਣ ਦੀ ਲੋੜ...

ਇਹ ਕਿੰਨੇ ਤਿਕੋਨ ਪੱਥਰ ਹਨ—
ਜੋ ਕਿਸੇ ਪਾਣੀ ਦੇ ਘੁੱਟ ਸਦਕਾ,
ਮੈਂ ਸੰਘ 'ਚੋਂ ਲੰਘਾਏ ਹਨ,
ਕਿੰਨੇ ਭਵਿੱਖ ਹਨ—
ਜੋ ਵਰਤਮਾਨ ਤੋਂ ਬਚਾਏ ਹਨ
ਤੇ ਸ਼ਾਇਦ ਵਰਤਮਾਨ ਵੀ—
ਮੈਂ ਵਰਤਮਾਨ ਤੋਂ ਬਚਾਇਆ ਹੈ...

ਸਿਰਫ਼ ਇਕ ਖ਼ਿਆਲ ਆਇਆ ਹੈ
ਕਈ ਵਾਰ ਆਉਂਦਾ ਹੈ—
ਜਿਉਂ ਕਈ ਵਾਰ ਇਕ ਸਾਰੰਗੀ ਦਾ ਗਜ਼—
ਅਚਾਨਕ ਕਿਸੇ ਰਾਗ ਦੀ ਛਾਤੀ ਦੇ ਵਿਚ ਖੁੱਭਦਾ ਹੈ,
ਜਾਂ ਚੁੱਪਚਾਪ ਇਕ 'ਪਿਆਨੋ—
ਕਾਲਿਆਂ ਤੇ ਚਿੱਟਿਆਂ ਦੰਦਾਂ ਦੇ ਵਿਚ
ਸੰਗੀਤ ਚੱਬਦਾ ਹੈ...

ਇਕ ਖ਼ਿਆਲ ਆਉਂਦਾ ਹੈ—
ਪਰ ਜਿਵੇਂ ਕੋਈ ਮੌਤ ਦਾ ਇਕ ਘੁੱਟ ਭਰੇ
ਡਰੇ, ਤੇ ਫੇਰ ਛੇਤੀ ਨਾਲ

ਉਸ ਦੇ ਖ਼ਿਆਲ ਦੀ ਉਲਟੀ ਕਰੇ...
ਪਰ ਮੋਈਆਂ ਛਾਤੀਆਂ ਦੇ ਵਿਚ ਵੀ
ਕੁਝ ਸਾਹ ਜੀਉਂਦੇ ਹਨ
ਤੇ ਅਟਕੇ ਸਾਹਵਾਂ ਦੇ ਨਾਲ
ਅਜ ਮੈਂ ਆਖ ਸਕਦੀ ਹਾਂ—
ਕਿ ਹਰ ਇਕ ਸਫ਼ਰ
ਸਿਰਫ਼ ਉਥੋਂ ਸ਼ੁਰੂ ਹੁੰਦਾ ਹੈ—
—ਜਿੱਥੇ ਇਹ ਸਫ਼ਰਨਾਮੇ ਖ਼ਤਮ ਹੁੰਦੇ ਹਨ...



# ਐਸ਼ ਟ੍ਰੇ

ਇਲਹਾਮ ਦੇ ਧੂੰਏਂ ਤੋਂ ਲੈ ਕੇ ਸਿਗਰਟ ਦੀ ਰਾਖ ਤਕ
ਉਮਰ ਦਾ ਸੂਰਜ ਢਲੇ
ਮੱਥੇ ਦੀ ਸੋਚ ਬਲੇ
ਇਕ ਫੇਫੜਾ ਗਲੇ
ਇਕ ਵੀਅਤਨਾਮ ਜਲੇ...

ਤੇ ਰੌਸ਼ਨੀ—
ਹਨੇਰੇ ਦਾ ਪਿੰਡਾ ਜਿਉਂ ਤਾਪ ਵਿਚ ਸ਼ੂਕੇ
ਤੇ ਤਾਪ ਦੀ ਘੂਕੀ ਦੇ ਵਿਚ—
ਹਰ ਮਜ਼ਹਬ ਬਰੜਾਵੇ
ਹਰ ਫ਼ਲਸਫ਼ਾ ਲੰਗਾਵੇ
ਹਰ ਨਜ਼ਮ ਥਥਲਾਵੇ
ਆਖਣਾ ਚਾਹਵੇ—
ਕਿ ਹਰ ਸਲਤਨਤ ਸਿੱਕੇ ਦੀ ਹੁੰਦੀ ਹੈ
ਬਾਰੂਦ ਦੀ ਹੁੰਦੀ ਹੈ,
ਤੇ ਹਰ ਜਨਮ ਪੱਤਰੀ—
ਆਦਮ ਦੇ ਜਨਮ ਦੀ
ਇਕ ਝੂਠੀ ਗਵਾਹੀ ਦੇਂਦੀ ਹੈ...

ਪੈਰ ਵਿਚ ਲੋਹਾ ਵਲੇ
ਕੰਨ ਵਿਚ ਪੱਥਰ ਢਲੇ
ਸੋਚਾਂ ਦਾ ਹਿਸਾਬ ਰੁਕੇ
ਸਿੱਕੇ ਦੇ ਹਿਸਾਬ ਚਲੇ...

ਤੇ ਮੈਂ ਆਦਮ—
ਅਖ਼ੀਰ ਵਿਚ ਬਣਦਾ ਮਾਸ ਦੀ ਇਕ ਐਸ਼ ਟ੍ਰੇ
ਇਲਹਾਮ ਦੇ ਧੂੰਏਂ ਤੋਂ ਲੈ ਕੇ
ਸਿਗਰਟ ਦੀ ਰਾਖ ਤਕ

ਮੈਂ ਵੀ ਜੋ ਸੋਚਾਂ ਪੀਤੀਆਂ
ਉਹਨਾਂ ਦੀ ਰਾਖ ਝਾੜੀ ਸੀ,
ਤੁਸੀਂ ਵੀ ਝਾੜ ਸਕਦੇ ਹੋ !

ਤੇ ਚਾਹਵੋ ਤਾਂ ਮਾਸ ਦੀ
ਇਹ ਐਸ਼ ਟ੍ਰੇ ਮੇਜ਼ ਤੇ ਸਜਾਵੋ,
ਜਾਂ ਗਾਂਧੀ ਲੂਥਰ ਤੇ ਕੈਨੇਡੀ ਕਹਿ ਕੇ
ਚਾਹਵੋ ਤਾਂ ਤੋੜ ਸਕਦੇ ਹੋ !



## ਮੇਰੇ ਦੋਸਤ !


ਮੇਰੇ ਦੋਸਤ ! ਜਿਹਦੀ ਖ਼ਾਤਰ ਤੂੰ ਸਮੁੰਦਰ ਰਿੜਕਿਆ
ਤੇ ਜਿਹਦੇ ਲਈ ਤੂੰ ਚੌਦਾਂ ਰਤਨ ਲੱਭੇ ਸੀ
ਉਸ ਆਦਮ ਦੀ ਹੋਂਦ ਕਿੱਥੇ ਹੈ ?
ਚੌਦਾਂ ਰਤਨ ਅੱਜ ਇੰਜ ਖੜੇ ਹਨ—
ਜਿਉਂ ਚੌਦਾਂ ਸਵਾਲੀਆਂ ਫ਼ਿਕਰੇ...
ਤੇ ਆਦਮ ਦਾ ਨਾਂ—ਜਿਹਨੇ ਵੀ ਚੁਰਾਇਆ ਹੈ
ਉਹ ਸ਼ਰਮਿੰਦਾ ਹੈ,
ਸਿਰਫ਼ ਕਦੇ ਇੱਜੜ ਨੂੰ ਹੱਕਦੀ
ਇਕ ਲਾਠੀ ਖੜਕਦੀ
ਜਾਂ ਕਦੇ ਬਹੁਗਿਣਤੀ ਦਾ ਮਤਾ—ਇੱਜੜ ਚੀਕਦਾ
ਜਾਂ ਇਕ ਤੀਜੀ ਸ਼੍ਰੇਣੀ ਵੀ ਹੁੰਦੀ ਹੈ—
ਅਮਨ ਤੇ ਇਨਸਾਫ਼ ਜਿਹੀ
ਗੱਲ ਦੀ 'ਫਰੇਜ਼ ਮੌਂਗਰ'
ਪਰ ਤਵਾਰੀਖ਼ ਜਾਣਦੀ—
ਸੁਕਰਾਤ ਦਾ ਤਸੱਵਰ
ਜਿਸ ਸਦੀ ਵਿਚ ਵੀ ਜੰਮਿਆ—
ਦਾਈਆਂ ਨੇ ਉਸ ਦੇ ਸੰਘ ਵਿਚ
ਗੁੜ੍ਹਤੀ ਦੀ ਥਾਵੇਂ ਜ਼ਹਿਰ ਚੋਇਆ।

ਪਲੇਟੋ, ਯੂਟੋਪੀਆ—
ਦੁਨੀਆਂ ਦਾ ਨਕਸ਼ਾ—ਵੇਖਦਾ
ਕੁਝ ਲੀਕਾਂ ਦੇ ਵਿਚ ਹੱਸਿਆ
ਕੁਝ ਲੀਕਾਂ ਦੇ ਵਿਚ ਰੋਇਆ,
ਨੀਟਸ਼ੇ ਦਾ ਸੁਪਰ ਮੈਨ—ਅਣ ਜੰਮਿਆ ਮੋਇਆ।

ਤੇ ਕਾਮੂ ਦਾ 'ਮੈਂ'
ਹਰ ਹਾਦਸੇ ਨੂੰ ਵੇਖਦਾ
ਇਕ ਹਾਦਸਾ ਹੋਇਆ।

ਜ਼ਹਿਰ ਜ਼ਹਿਰ ਹੈ—
ਸੁਕਰਾਤ ਨੂੰ ਪਿਆਣਾ ਪਵੇ
ਜਾਂ ਅਰਸਤੂ ਨੂੰ ਪੀਣਾ ਪਵੇ,
ਜਾਂ ਠੰਢੀ ਸੋਚ ਦੀ ਸੂਰਤ ਦੇ ਵਿਚ
ਕਿਸੇ ਨੂੰ ਜੀਊਣਾ ਪਵੇ।

ਤੇ ਇਸ ਤੋਂ ਅੱਗੇ ਅਪਾਰ ਚੁੱਪ ਹੈ...
ਇਹ ਚੁੱਪ ਜੋ ਟੁਟਦੀ ਨਹੀਂ
ਮੇਰੇ ਦੋਸਤ !
ਆ ਚੁੱਪ ਦੀ ਛਾਤੀ ਦੇ ਵਿੱਚ
ਕਿੱਲਾਂ ਦੀ ਤਰ੍ਹਾਂ ਖੁੱਭੀਏ
(ਆਈਨ ਰੈਂਡ ਜਿਹੇ ਕਿੱਲਾਂ ਦੀ ਤਰ੍ਹਾਂ)
ਤੇ ਵਕਤ ਆ ਗਿਆ ਹੈ—
ਆ ਫਿਰ ਸਮੁੰਦਰ ਰਿੜਕੀਏ !
ਤੇ ਏਸ ਵਾਰ ਆਦਮ ਨੂੰ
ਜਾਂ ਉਸ ਦੀ ਸੰਭਾਵਨਾ ਨੂੰ ਲੱਭੀਏ !



# ਨੌਂ ਸੁਪਨੇ

ਤ੍ਰਿਪਤਾ ਤ੍ਰਭਕ ਕੇ ਜਾਗੀ,
ਲੇਫ਼ ਨੂੰ ਸਵਾਹਰਿਆਂ ਕੀਤਾ
ਸੂਹੀ ਸੰਗ ਜਿਹਾ ਪੱਲਾ
ਮੋਢਿਆਂ 'ਤੇ ਲੀਤਾ
ਆਪਣੇ ਮਰਦ ਵਲ ਤੱਕੀ
ਫੇਰ ਚਿੱਟੇ ਵਿਛੌਣੇ ਦੇ ਵੱਟ ਵਾਂਗ ਝੁੱਕੀ
ਤੇ ਕਹਿਣ ਲੱਗੀ :

ਅਜ ਮਾਘ ਦੀ ਰਾਤੇ
ਮੈਂ ਨਦੀਏ ਪੈਰ ਪਾਇਆ
ਬੜੀ ਕੱਕਰੀ ਰਾਤੇ
ਇਹ ਨਦੀ ਕੋਸੀ ਸੀ
ਗੱਲ ਅਣਹੋਈ —
ਪਾਣੀ ਨੂੰ ਅੰਗ ਲਾਇਆ
ਤਾਂ ਨਦੀ ਦੁਧ ਦੀ ਹੋਈ
ਕੋਈ ਨਦੀ ਕਰਾਮਾਤੀ
ਮੈਂ ਦੁੱਧ ਵਿਚ ਨ੍ਹਾਤੀ
ਏਸ ਤਲਵੰਡੀ ਇਹ ਕਹੀ ਨਦੀ ?
ਕਿਹਾ ਸੁਪਨਾ ?
ਤੇ ਨਦੀ ਵਿਚ ਚੰਨ ਤਰਦਾ ਸੀ
ਮੈਂ ਤਲੀ ਉੱਤੇ ਚੰਨ ਧਰਿਆ, ਘੁੱਟ ਭਰਿਆ
ਤੇ ਨਦੀ ਦਾ ਪਾਣੀ
ਮੇਰੀ ਰੱਤ ਵਿਚ ਘੁਲਦਾ ਪਿਆ
ਤੇ ਓਹੀ ਚਾਨਣ
ਮੇਰੀ ਕੁੱਖ ਵਿਚ ਹਿਲਦਾ ਪਿਆ...



ਫੱਗਣ ਦੀ ਕਟੋਰੀ ਵਿਚ
ਸੱਤ ਰੰਗ ਘੋਲਾਂ, ਮੁੱਖੋਂ ਨਾ ਬੋਲਾਂ

ਇਹ ਮਿੱਟੀ ਦੀ ਦੇਹ ਸਕਾਰਥੀ ਹੁੰਦੀ
ਜਦ ਵੱਖੀ ਦੇ ਵਿੱਚ ਕੋਈ ਆਲ੍ਹਣਾ ਪਾਂਦਾ
ਇਹ ਕਿਹਾ ਜਪ ! ਕਿਹਾ ਤਪ !
ਕਿ ਮਾਵਾਂ ਨੂੰ ਰੱਬ ਦਾ ਦੀਦਾਰ—
ਕੁੱਖ ਵਿੱਚੋਂ ਹੁੰਦਾ...



ਕੱਚੇ ਗਰਭ ਦੇ ਅਰੋਏ,
ਮੇਰਾ ਜੀਆ ਨਾ ਖਲੋਏ
ਬੈਠੀ ਰਿੜਕਣਾ ਪਾਇਆ,
ਤੇ ਜਾਪੇ ਮੱਖਣ ਹਿੱਲਿਆ
ਮੈਂ ਚਾਟੀ ਹੱਥ ਪਾਇਆ,
ਤਾਂ ਸੂਰਜ ਦਾ ਪੇੜਾ ਨਿਕਲਿਆ
ਇਹ ਕਿਹਾ ਭੋਗ ਸੀ ?
ਕਿਹਾ ਸੰਜੋਗ ਸੀ ?
ਤੇ ਚੜ੍ਹੇ ਚੇਤਰ
ਇਹ ਕਿਹਾ ਸੁਪਨਾ ?

ਮੇਰੇ ਤੋਂ ਮੇਰੀ ਕੁੱਖ ਤਕ—
ਇਹ ਸੁਪਨਿਆਂ ਦਾ ਫ਼ਾਸਲਾ
ਮੇਰਾ ਜੀਆ ਹੁਲਸਿਆ,
ਤੇ ਹੀਆ ਡਰਿਆ
ਵੈਸਾਖ ਦੀ ਵਾਢੀ,
ਇਹ ਕਿਹੀ ਕਣਕ ਸੀ
ਛੱਜ ਵਿਚ ਛੱਟਣ ਨੂੰ ਪਾਈ,
ਤਾਂ ਛੱਜ ਤਾਰਿਆਂ ਦਾ ਭਰਿਆ...

ਅਜ ਭਿੰਨੀ ਰਾਤ ਦਾ ਵੇਲਾ
ਤੇ ਜੇਠ ਦੇ ਮਹੀਨੇ
ਇਹ ਕਿਹੀ ਵਾਜ ਸੀ ?
ਜਿਉਂ ਜਲਾਂ ਵਿਚੋਂ ਥਲਾਂ ਵਿਚੋਂ
ਨਾਦ ਜਿਹਾ ਉੱਠੇ
ਇਹ ਮੋਹ ਦਾ
ਤੇ ਮਾਇਆ ਦਾ ਗੀਤ ਸੀ ?
ਜਾਂ ਰੱਬ ਦੀ
ਕਾਇਆ ਦਾ ਗੀਤ ਸੀ ?

ਕੋਈ ਦੈਵੀ ਸੁਗੰਧ ਸੀ ?
ਜਾਂ ਮੇਰੀ ਨਾਭੀ ਦੀ ਗੰਧ ਸੀ ?
ਮੈਂ ਤ੍ਰਹਿ ਤ੍ਰਹਿ ਜਾਂਦੀ ਰਹੀ,
ਡਰਦੀ ਰਹੀ
ਤੇ ਏਸੇ ਵਾਜ ਦੀ ਸੇਧੇ
ਮੈਂ ਬਨਾਂ ਵਿਚ ਤੁਰਦੀ ਰਹੀ...


ਇਹ ਕਿਹੀ ਵਾਜ ? ਕਿਹਾ ਸੁਪਨਾ ?
ਕਿੰਨਾ ਕੁ ਪਰਾਇਆ ?
ਕਿੰਨਾ ਕੁ ਆਪਣਾ ?
ਮੈਂ ਇਕ ਹਰਨੀ
ਬਉਰੀ ਜਹੀ ਹੁੰਦੀ ਰਹੀ
ਤੇ ਆਪਣੀ ਕੁੱਖ ਨਾਲ—
ਆਪਣੇ ਕੰਨ ਲਾਂਦੀ ਰਹੀ...

ਹਾੜ੍ਹ ਦਾ ਮਹੀਨਾ
ਤ੍ਰਿਪਤਾ ਦੀ ਅੱਖ ਖੁੱਲ੍ਹੀ ਸੁਭਾਉਕੇ
ਜਿਉਂ ਫੁੱਲ ਖਿੜਦਾ ਹੈ,
ਜਿਉਂ ਦਿਹੁੰ ਚੜ੍ਹਦਾ ਹੈ...
ਇਹ ਜਿੰਦ ਮੇਰੀ
ਕਿਹੜਿਆਂ ਸਰਾਂ ਦਾ ਪਾਣੀ
ਮੈਂ ਹੁਣੇ ਏਥੇ
ਇਕ ਹੰਸ ਬਹਿੰਦਾ ਵੇਖਿਆ
ਇਹ ਕਿਹਾ ਸੁਪਨਾ
ਕਿ ਜਾਗ ਕੇ ਵੀ ਜਾਪੇ—
ਮੇਰੀ ਵੱਖੀ ਦੇ ਵਿਚ
ਉਹਦਾ ਖੰਭ ਹਿਲਦਾ ਪਿਆ...



ਕੋਈ ਰੁੱਖ ਨਾ ਮਨੁੱਖ ਨਾ ਨੇੜੇ
ਫੇਰ ਕਿਹਨੇ ਮੇਰੀ ਝੋਲੀ
ਨਰੇਲ ਪਾਇਆ
ਮੈਂ ਖੋਪਾ ਤੋੜਿਆ—
ਤੇ ਲੋਕ ਗਰੀ ਲੈਣ ਆਇਆ
ਕੱਚੀ ਗਰੀ ਦਾ ਪਾਣੀ
ਮੈਂ ਛੰਨਿਆਂ 'ਚ ਪਾਇਆ

ਕੋਈ ਰੱਖ ਨਾ ਰਵਾਇਤ ਨਾ,
ਦੂਈ ਨਾ ਦਵੈਤ ਨਾ
ਬੂਹੇ 'ਤੇ ਲੁਕਾਈ ਢੁੱਕੀ
ਤੇ ਖੋਪੇ ਦੀ ਗਰੀ
ਫੇਰ ਵੀ ਨਾ ਮੁੱਕੀ...
ਇਹ ਕਿਹਾ ਖੋਪਾ—
ਇਹ ਕਿਹਾ ਸੁਪਨਾ
ਤੇ ਸੁਪਨਿਆਂ ਦੇ ਧਾਗੇ
ਕਿੰਨੇ ਕੁ ਲੰਮੇ ?
ਇਹ ਛਾਤੀ ਦਾ ਸਾਵਣ,
ਮੈਂ ਛਾਤੀ ਨੂੰ ਹੱਥ ਲਾਇਆ
ਤਾ ਉਹੀ ਗਰੀ ਦਾ ਪਾਣੀ
ਦੁੱਧ ਵਾਂਗ ਸਿੰਮੇ...




ਇਹ ਕਿਹਾ ਭਾਦੋਂ
ਇਹ ਕਿਹਾ ਜਾਦੂ
ਸੱਭੇ ਗੱਲਾਂ ਨਿਆਰੀਆਂ
ਇਹ ਗਰਭ ਦੇ ਬਾਲਕ ਦਾ ਚੋਲਾ
ਕੌਣ ਸੀਵੇਂਗਾ
ਇਹ ਕਿਹੀ ਪੱਛੀ,
ਇਹ ਕਿਹੇ ਮੁੱਢੇ
ਮੈਂ ਕੱਲ੍ਹ ਜਿਵੇਂ ਸਾਰੀ ਰਾਤ
ਕਿਰਨਾਂ ਅਟੇਰੀਆਂ...

ਅੱਸੂ ਦੇ ਮਹੀਨੇ
ਤ੍ਰਿਪਤਾ ਜਾਗੀ ਤੇ ਵਿਰਾਗੀ
ਨੀ ਜਿੰਦੇ ਮੇਰੀਏ !
ਤੂੰ ਕਿਹਦੇ ਲਈ ਕੱਤਨੀ ਏਂ
ਮੋਹ ਦੀ ਪੂਣੀ
ਮੋਹ ਦੀਆਂ ਤੰਦਾਂ ਵਿਚ
ਅੰਬਰ ਨਾ ਵਲੀਂਦਾ
ਸੂਰਜ ਨਾ ਬਝੀਂਦਾ
ਇਹ ਸੱਚ ਜਹੀ ਵਸਤੂ
ਇਹਦਾ ਚੋਲਾ ਨਾ ਕਤੀਂਦਾ
ਤੇ ਤ੍ਰਿਪਤਾ ਨੇ ਕੁੱਖ ਅੱਗੇ

ਮੱਥਾ ਨਿਵਾਇਆ—
ਮੈਂ ਸੁਪਨਿਆਂ ਦਾ ਭੇਤ ਪਾਇਆ
ਇਹ ਨਾ ਆਪਣਾ ਨਾ ਪਰਾਇਆ
ਕੋਈ ਅਜ਼ਲ ਦਾ ਜੋਗੀ
ਜਿਵੇਂ ਮੌਜ ਵਿਚ ਆਇਆ
ਐਵੇਂ ਘੜੀ ਪਲ ਬੈਠਾ
ਸੇਕੇ ਕੁੱਖ ਦੀ ਧੂਣੀ...
ਨੀ ਜਿੰਦੇ ਮੇਰੀਏ ਤੂੰ ਕਿਹਦੇ ਲਈ
ਕਤਨੀ ਏਂ ਮੋਹ ਦੀ ਪੂਣੀ...

ਮੇਰਾ ਕੱਤਕ ਧਰਮੀ,
ਮੇਰੀ ਜਿੰਦ ਸੁਕਰਮੀ
ਮੇਰੀ ਕੁੱਖ ਦੀ ਧੂਣੀ,
ਕੱਤੇ ਅੱਗ ਦੀ ਪੂਣੀ
ਬਲਿਆ ਦੇਹ ਦਾ ਦੀਵਾ,
ਛੋਹਿਆ ਚਾਨਣ ਦਾ ਤੀਲਾ
ਸੱਦੋ ਧਰਤੀ ਦੀ ਦਾਈ,
ਮੇਰਾ ਪਹਿਲੜਾ ਵੀਲਾ...



## ਫ਼ਾਸਲਾ

ਮੈਂ ਸੋਚਿਆ—
ਤੇਰੇ ਜਨਮ ਦੀ ਸਾਖੀ ਲਿਖਾਂ
ਪਰ ਕਲਮ ਨੂੰ ਲੱਭਣ ਗਈ
ਤਾਂ ਉਹ ਕਿਤੇ ਲੱਭੀ ਨਹੀਂ...

ਕਲਮ, ਜੋ ਕਿਸੇ ਪਕਵਾਨ 'ਚੋਂ ਵਗਦੇ
ਲਹੂ 'ਚੋਂ ਡੋਬ੍ਹਾ ਲਵੇ
ਕਲਮ, ਜੋ ਕਿਸੇ ਕੋਧਰੇ ਚੋਂ ਸਿੰਮਦੇ
ਦੁੱਧ 'ਚੋਂ ਡੋਬ੍ਹਾ ਲਵੇ...

ਫਿਰ ਸੋਚਿਆ—
ਤੇਰੇ ਦਰਬਾਰ ਵਿਚ ਜਾਵਾਂ
ਪਰ ਤੁਰਨ ਲੱਗੀ
ਤਾਂ ਤੇਰਾ ਇਕ ਬੋਲ ਤੁਰਦਿਆਂ
ਮੇਰੀ ਉਮਰ ਬੀਤੀ
ਤੇ ਤੇਰਾ ਇਕ ਬੋਲ ਮੈਥੋਂ
ਲੰਘਿਆ ਨਾ ਗਿਆ
ਤੇਰੀ ਬਾਣੀ ਦੇ ਸ਼ਬਦ
ਮੈਂ ਹੁਦਾਰ ਲੈ ਲਏ
ਪਰ ਇਕ ਅਰਥ ਸੀ,
ਜੋ ਕਿਸੇ ਤੋਂ ਮੰਗਿਆ ਨਾ ਗਿਆ...



ਸ਼ਬਦ—
ਮੇਰੇ ਹੋਠਾਂ ਦੀ ਰੌਣਕ ਹਨ
ਪਰ ਅਰਥ—
ਮੇਰੇ ਮੱਥੇ ਦਾ ਹਉਕਾ ਹੈ...


ਫਿਰ ਸੋਚਿਆ—
ਤੇਰੀ ਕੋਈ ਗੱਲ ਤੋਰਾਂ
ਪਰ ਗੱਲ ਤੋਰਾਂ
ਤਾਂ ਇਕ ਹਉਕਾ ਉਹਦੇ ਨਾਲ ਤੁਰੇ
ਤੇ ਤੂੰ—ਉਸ ਗੱਲ 'ਚੋਂ ਬਾਹਰ ਰਹਿ ਜਾਵੇਂ
—ਸਿਰਫ਼ ਇਕ ਹਉਕਾ ਪਰ੍ਹੇ...
ਤੇ ਮੈਂ ਤੇਰੀ
ਇਤਿਹਾਸਕਾਰ—
ਇਕ ਕਲਮੋਂ-ਵਿਹੂਣੇ
ਇਤਿਹਾਸ ਨੂੰ ਲੈ ਕੇ
ਅੱਜ ਤੇਰੇ ਦਰਬਾਰ ਤੋਂ ਬਾਹਰ
—ਇਕ ਹਉਕੇ ਦੀ ਵਿੱਥ 'ਤੇ ਖਲੋਤੀ ਹਾਂ...



## ਸੁਲੱਖਣੀ

ਮੈਂ ਇਕ ਛਾਂ ਸਾਂ—ਇਕ ਛਾਂ ਹਾਂ...

ਮੈਂ ਸੂਰਜ ਦੀ ਯਾਤ੍ਰਾ ਸੰਗ ਯਾਤ੍ਰਾ ਕੀਤੀ
ਸੂਰਜ ਦੀ ਧੁੱਪ ਪੀਤੀ
ਤੇ ਧੁੱਪ ਦੀ ਇਕ ਨਦੀ ਵਿਚ ਨ੍ਹਾਤੀ,
ਤੇ ਜਿਹੜੀ ਹੋਂਦ ਨੂੰ—
ਮੈਂ ਸੁੱਕੇ ਬਸਤਰਾਂ ਦੀ ਤਰ੍ਹਾਂ,
ਕੰਢੇ 'ਤੇ ਲਾਹਿਆ ਸੀ
ਫਿਰ ਚਾਨਣ ਦਾ ਭਿੱਜਿਆ ਪਿੰਡਾ ਨਚੋੜ ਕੇ
ਮੈਂ ਉਹੀ ਹੋਂਦ ਪਹਿਨ ਲੀਤੀ...



ਇਹ ਸੂਰਜ-ਪ੍ਰੀਖਿਆ ਦਾ ਸਮਾਂ ਸੀ—
ਤੇ ਸੂਰਜ-ਪ੍ਰੀਖਿਆ ਦਾ ਅੰਤ ਨਹੀਂ ਸੀ...
ਛਾਂ ਦੀ ਇਸ ਕੁੱਖ ਨੂੰ ਇਕ ਹੁਕਮ ਸੀ
ਕਿ ਆਪਣੇ ਹਨੇਰੇ 'ਚੋਂ ਉਸ ਨੇ
ਕਿਰਨਾਂ ਨੂੰ ਜਨਮ ਦੇਣਾ ਸੀ
ਕਿਰਨਾਂ ਦੀ ਜਨਮ-ਪੀੜ ਸਹਿਣੀ ਸੀ
ਤੇ ਛਾਂ ਦੀ ਛਾਤੀ ਦੇ ਵਿੱਚੋਂ
ਕਿਰਨਾਂ ਨੂੰ ਦੁੱਧ ਚੁੰਘਾਣਾ ਸੀ
ਤੇ ਜਦੋਂ ਸੂਰਜ ਨੇ ਚਾਰੇ ਚੱਕ ਘੁੰਮਣੇ ਸਨ—
ਬਹੁਤ ਦੂਰ ਜਾਣਾ ਸੀ—
ਤਾਂ ਛਾਂ ਨੇ ਪਿੱਛੇ
ਉਹਨਾਂ ਵਿਲੂੰ ਵਿਲੂੰ ਕਰਦੀਆਂ
ਕਿਰਨਾਂ ਨੂੰ ਖਿਡਾਣਾ ਸੀ
ਤੇ ਛਾਂ ਨੇ—ਇਕ ਛਾਂ ਰਹਿਣਾ ਸੀ...

ਉਹ ਸੂਰਜ-ਪ੍ਰੀਖਿਆ ਦਾ ਸਮਾਂ
ਤੇ ਉਸ ਤੋਂ ਪੰਜ ਸੌ ਵਰ੍ਹੇ ਪਿੱਛੋਂ ਦਾ ਸਮਾਂ
ਦੋਵੇਂ ਗਵਾਹ ਹਨ—
ਕਿ ਮੈਂ ਇਸ ਪ੍ਰੀਖਿਆ 'ਚੋਂ ਪਾਰ ਉਤਰੀ ਹਾਂ
ਤੇ ਮੇਰੇ ਨਾਉਂ ਤੋਂ—
ਛਾਵਾਂ ਦੀ ਕਥਾ ਆਰੰਭ ਹੁੰਦੀ ਹੈ...



## ਪੰਜਵੀਂ ਉਦਾਸੀ

ਪੰਜ ਸੌ ਵਰ੍ਹੇ
ਪੰਜ ਸੌ ਖੜਾਵਾਂ ਦੇ ਕਿੱਲ
ਪੈਰਾਂ ਨੇ ਹੰਢਾਏ ਹਨ,
ਅਜ ਕਿੱਲਾਂ ਦੀ ਬਰਸੀ ਹੈ
ਸੋ ਪੈਰ ਮੁਸਕਰਾਏ ਹਨ...

ਇਹ ਕਿੱਲਾਂ ਦਾ ਮੇਲਾ ਹੈ
ਤੇ ਪੈਰਾਂ ਵਾਸਤੇ—
ਇਹ ਪੰਜਵੀਂ ਉਦਾਸੀ ਦਾ ਵੇਲਾ ਹੈ...

ਕਿੱਲ ਖੜੇ ਹਨ
ਸਿਰਫ਼ ਰਾਹਵਾਂ ਦੀ ਬਾਤ
ਰਾਹਵਾਂ ਦੇ ਸੰਗ ਤੁਰਦੀ ਗਈ
ਤੇ ਪੈਰਾਂ ਦੀ ਗੱਲ
ਪੈਰਾਂ ਦੇ ਸੰਗ ਕਰਦੀ ਰਹੀ...

ਪਿੱਛੇ—ਦੂਰ ਕਿਤੇ
ਕਿੱਲਾਂ ਦੀ ਬਰਸੀ ਹੈ
—ਤੇ ਬਰਸੀ ਦਾ ਆਹਰ ਪਾਹਰ ਹੈ
ਤੇ ਅੱਗੇ—ਦੂਰ ਕਿਤੇ—ਪੈਰ ਚੁੱਪ ਹਨ
ਉਸ ਵਰਕੇ ਦੀ ਤਰ੍ਹਾਂ—
ਜੋ ਹਰ ਜਨਮ ਸਾਖੀ ਤੋਂ ਬਾਹਰ ਹੈ...




## ਵੈਰਾਗ

ਚਿਰਾਂ ਤੋਂ ਇਕ ਗੱਲ ਚਲੀ ਆਉਂਦੀ ਸੀ—
ਕਿ ਵੇਲੇ ਦੀ ਤਾਕਤ
ਵੱਢੀ ਤਾਰਦੀ
ਇਤਿਹਾਸ ਤੋਂ ਚੋਰੀ
ਇਤਿਹਾਸ ਦੇ ਵਰਕੇ ਖ਼ਰੀਦਦੀ
ਜਦੋਂ ਵੀ ਚਾਂਹਦੀ ਰਹੀ
ਕੁਝ ਸਤਰਾਂ ਬਦਲਦੀ
ਤੇ ਕੁਝ ਬੁਝਾਂਦੀ ਰਹੀ...

ਇਤਿਹਾਸ ਹੱਸਦਾ ਰਿਹਾ,
ਖਿਝਦਾ ਰਿਹਾ,
ਤੇ ਹਰ ਇਤਿਹਾਸਕਾਰ ਨੂੰ
ਉਹ ਮਾਫ਼ ਕਰਦਾ ਰਿਹਾ...

ਪਰ ਅੱਜ ਸ਼ਾਇਦ
ਉਹ ਬਹੁਤ ਹੀ ਉਦਾਸ ਹੈ—
ਇਕ ਹੱਥ ਉਸ ਦੀ ਜਿਲਦ ਚੁੱਕ ਕੇ—
ਕੁਝ ਵਰਕਿਆਂ ਨੂੰ ਪਾੜਦਾ
ਤੇ ਉਨ੍ਹਾਂ ਦੀ ਥਾਵੇਂ
ਹੋਰ ਵਰਕੇ ਸੀ ਰਿਹਾ
ਅਤੇ ਇਤਿਹਾਸ—
ਚੁੱਪ ਚਾਪ ਵਰਕਿਆਂ 'ਚੋਂ ਨਿਕਲ ਕੇ
ਇਕ ਰੁੱਖ ਦੇ ਥੱਲੇ ਖਲੋਤਾ
ਸਿਗਰਟ ਪੀ ਰਿਹਾ...



## ਉਦਾਸੀ ਦੀ ਕਥਾ

ਉਦਾਸੀ ? ਨਹੀਂ ਕੋਈ ਉਦਾਸੀ ਨਹੀਂ
...ਹੁੰਦੀ ਸੀ, ਪਰ ਹੁਣ ਨਹੀਂ।
ਖ਼ੁਸ਼ੀ ? ਉਹ ਇੱਥੇ ਚਾਰ ਕੰਧਾਂ 'ਚ ਰਹਿੰਦੀ ਸੀ
ਉਹ ਕੰਧਾਂ ਹੁਣ ਵੀ ਹਨ, ਪਰ ਉਹ ਨਹੀਂ।

ਇਕ ਪਿੱਤਲ ਦੀ ਕੰਧ ਸੀ, ਹੁਣ ਵੀ ਹੈ
ਤੇ ਇਹਦੇ ਪਿੱਛੋਂ
ਹਉਕਿਆਂ ਦੀ ਜ਼ਰਦ ਵਾਜ ਅਉਂਦੀ ਸੀ
ਹੁਣ ਵੀ ਆਉਂਦੀ ਹੈ।
ਉਹ ਹੱਥਾਂ ਨਾਲ ਕੰਧ ਨੂੰ ਭੰਨਦੀ ਰਹੀ
ਇਹ ਪਿੱਤਲ ਦੀ ਕੰਧ—ਸਮਾਜ ਦੀ ਕੰਧ—
ਕਦੇ ਵੀ ਭੁਰਦੀ ਨਹੀਂ
ਇਸ ਗਿਆਨ ਨੂੰ
ਉਸ ਸੰਖੀਏ ਦੀ ਡਲੀ ਵਾਂਗ ਖਾਧਾ ਸੀ।



ਇਕ ਲੋਹੇ ਦੀ ਕੰਧ ਸੀ; ਹੁਣ ਵੀ ਹੈ
ਤੇ ਇਹਦੇ ਪਿੱਛੋਂ
ਚੀਕਾਂ ਦੀ ਸੁਰਖ਼ ਵਾਜ ਅਉਂਦੀ ਸੀ
ਹੁਣ ਵੀ ਆਉਂਦੀ ਹੈ।
ਉਹ ਪੈਰਾਂ ਨਾਲ ਕੰਧ ਨੂੰ ਭੰਨਦੀ ਰਹੀ
ਇਹ ਲੋਹੇ ਦੀ ਕੰਧ—
ਰਾਜਨੀਤੀ ਦੀ ਕੰਧ—
ਕਦੇ ਵੀ ਕਿਰਦੀ ਨਹੀਂ
ਇਸ ਗਿਆਨ ਨੂੰ
ਉਸ ਪਾਰੇ ਦੇ ਘੁੱਟ ਵਾਂਗ ਪੀਤਾ ਸੀ।

ਇਕ ਚੰਦਨ ਦੀ ਕੰਧ ਸੀ, ਹੁਣ ਵੀ ਹੈ
ਤੇ ਇਹਦੇ ਪਿੱਛੋਂ
ਧੂੰਏਂ ਦੀ ਕਾਲੀ ਹਵਾੜ੍ਹ ਆਉਂਦੀ ਸੀ

ਹੁਣ ਵੀ ਆਉਂਦੀ ਹੈ।
ਉਹ ਮੱਥੇ ਨਾਲ ਕੰਧ ਨੂੰ ਭੰਨਦੀ ਰਹੀ...

ਇਹ ਚੰਦਨ ਦੀ ਕੰਧ—ਮਜ਼ਹਬਾਂ ਦੀ ਕੰਧ—
ਕਦੇ ਵੀ ਹਿਲਦੀ ਨਹੀਂ
ਤੇ ਇਸ ਗਿਆਨ ਦਾ ਮਹੁਰਾ
ਉਸ ਸੰਘੋਂ ਸੁੱਟ ਲੀਤਾ ਸੀ।

ਤੇ ਇਕ ਮਾਸ ਦੀ ਇਹ ਕੰਧ ਸੀ
ਹੁਣ ਵੀ ਹੈ
ਤੇ ਇਹਦੇ ਪਿੱਛੋਂ ਸੁਪਨਿਆਂ ਦਾ
ਨੀਲਾ ਰੰਗ ਦਿਸਦਾ ਸੀ।




ਹੁਣ ਵੀ ਦਿਸਦਾ ਹੈ
ਉਹ ਛਾਤੀ ਦੇ ਤ੍ਰਾਣ ਨਾਲ
ਕੰਧ ਨੂੰ ਭੰਨਦੀ ਰਹੀ
ਪਰ ਮਾਸ ਦੀ ਇਹ ਕੰਧ—
ਮੁਹੱਬਤ ਦੀ ਕੰਧ—
ਕਦੇ ਵੀ ਖੁਲ੍ਹਦੀ ਨਹੀਂ
ਤੇ ਇਸ ਗਿਆਨ ਦਾ ਹੀਰਾ ਵੀ
ਉਸ ਨੇ ਚੱਟ ਲੀਤਾ ਸੀ।


ਸੋ ਉਹਨੇ ਮਰਨਾ ਹੀ ਸੀ, ਮਰ ਗਈ
ਪਰ ਸੁਭਾਵਕ ਮੌਤ ਮਰਦੀ
ਤਾਂ ਕਿਹਾ ਚੰਗਾ ਸੀ
ਉਹ ਆਤਮਘਾਤ ਕਰ ਕੇ ਮੋਈ ਹੈ
ਤੇ ਜਿੱਥੇ ਕੋਈ ਆਤਮਘਾਤ ਕਰਦਾ ਹੈ—
ਕਹਿੰਦੇ ਨੇ ਉੱਥੇ
ਰੂਹਾਂ ਦੀ ਪਕੜ ਹੁੰਦੀ ਹੈ
ਤੇ ਉੱਥੇ ਕੋਈ ਨਹੀਂ ਵਸਦਾ।
ਸੋ ਸ਼ਾਇਦ ਏਸੇ ਲਈ
ਹੁਣ ਏਥੇ ਕੋਈ ਨਹੀਂ ਵਸਦਾ।
ਖ਼ੁਸ਼ੀ ? ਨਹੀਂ, ਮੈਂ ਹੁਣੇ ਦੱਸਿਆ ਸੀ
ਕਿ ਉਹ ਇਥੇ ਨਹੀਂ ਰਹਿੰਦੀ।

## ਚੁੱਪ ਦੀ ਸਾਜ਼ਿਸ਼

ਰਾਤ ਉਘਲਾਂਦੀ ਪਈ...
ਕਿਸੇ ਨੇ ਇਨਸਾਨ ਦੀ
ਛਾਤੀ ਨੂੰ ਸੰਨ੍ਹ ਲਾਈ ਹੈ
ਹਰ ਚੋਰੀ ਤੋਂ ਭਿਆਨਕ
ਇਹ ਸੁਪਨਿਆਂ ਦੀ ਚੋਰੀ ਹੈ।

ਚੋਰਾਂ ਦੇ ਖੁਰੇ—
ਹਰ ਦੇਸ ਦੇ, ਹਰ ਸ਼ਹਿਰ ਦੀ,
ਹਰ ਸੜਕ 'ਤੇ ਬੈਠੇ
ਪਰ ਕੋਈ ਅੱਖ ਤੱਕਦੀ ਨਹੀਂ,
ਨਾ ਚੌਂਕਦੀ
ਸਿਰਫ਼ ਇਕ ਕੁੱਤੇ ਦੀ ਤਰ੍ਹਾਂ
ਇਕ ਸੰਗਲੀ ਦੇ ਨਾਲ ਬੱਝੀ
ਕਿਸੇ ਵੇਲੇ, ਕਿਸੇ ਦੀ,
ਕੋਈ ਨਜ਼ਮ ਭੌਂਕਦੀ...





## ਤਖ਼ਲੀਕੀ ਅਮਲ

ਨਜ਼ਮ, ਕਦੇ ਕਾਗ਼ਜ਼ ਨੂੰ ਤੱਕੇ
ਤੇ ਇੰਜ ਮੂੰਹ ਮੋੜੇ
ਜਿਉਂ ਕਾਗ਼ਜ਼
ਪਰਾਇਆ ਮਰਦ ਹੁੰਦਾ ਹੈ...

ਪਰ ਕਦੇ, ਇਕ ਕੰਜਕ
ਜਿਉਂ ਕਰਵੇ ਦਾ ਵਰਤ ਰਖਦੀ ਹੈ
ਤੇ ਉਸ ਰਾਤ ਉਸ ਨੂੰ
ਇਕ ਸੁਪਨਾ ਜਿਹਾ ਆਉਂਦਾ ਹੈ
ਅਚਾਨਕ ਕੋਈ
ਮਰਦਾਵਾਂ ਅੰਗ ਛੋਂਹਦਾ ਹੈ
ਤੇ ਸੁਪਨੇ ਦੇ ਵਿੱਚ ਵੀ
ਉਹਦਾ ਬਦਨ ਕੰਬਦਾ ਹੈ...

ਪਰ ਕਦੇ ਅੱਗ ਚਟਦੀ
ਉਹ ਤ੍ਰਭਕ ਜਾਂਦੀ, ਜਾਗ ਪੈਂਦੀ
ਗਦਰਾਏ ਅੰਗਾਂ ਨੂੰ ਟੋਂਹਦੀ
ਚੋਲੀ ਦੇ ਬਟਨ ਖੋਲ੍ਹਦੀ
ਚਾਨਣੀ ਦੇ ਬੁੱਕ ਪਿੰਡੇ 'ਤੇ ਪਾਂਦੀ
ਤੇ ਪਿੰਡਾ ਨਚੋੜਦੀ ਦਾ ਹੱਥ
ਸਿਸਕ ਜਿਹਾ ਜਾਂਦਾ ਹੈ...

ਪਿੰਡੇ ਦਾ ਹਨੇਰਾ
ਚਟਾਈ ਵਾਂਗ ਵਿਛਦਾ
ਉਹ ਮੂਧੀ ਚਟਾਈ ਉੱਤੇ ਲੇਟਦੀ,
ਉਹਦੇ ਤੀਲੇ ਤੋੜਦੀ
ਤੇ ਉਹਦਾ ਅੰਗ ਅੰਗ ਸੁਲਗ ਪੈਂਦਾ ਹੈ
ਤੇ ਉਹਨੂੰ ਜਾਪਦਾ,

ਉਹਦੇ ਪਿੰਡੇ ਦਾ ਹਨੇਰਾ
ਕਿਸੇ ਬਲਵਾਨ ਬਾਂਹ ਵਿਚ
ਟੁੱਟਣਾ ਚਾਹੁੰਦਾ ਹੈ...

ਅਚਾਨਕ ਇਕ ਕਾਗ਼ਜ਼
ਅਗਾਂਹ ਹੁੰਦਾ ਹੈ
ਤੇ ਉਸ ਦੇ ਕੰਬਦੇ
ਹੱਥਾਂ ਨੂੰ ਛੋਂਹਦਾ ਹੈ
ਇਕ ਅੰਗ ਬਲਦਾ
ਇਕ ਅੰਗ ਪਿਘਲਦਾ ਹੈ
ਤੇ ਉਹ ਇਕ ਅਜਨਬੀ
ਹਵਾੜ੍ਹ ਸੁੰਘਦੀ ਹੈ
ਤੇ ਉਹਦਾ ਹੱਥ–ਪਿੰਡੇ 'ਚ ਉਤਰ ਆਈਆਂ
ਲੀਕਾਂ ਨੂੰ ਵੇਂਹਦਾ ਹੈ...

ਹੱਥ ਉਂਘਲਾਂਦਾ ਹੈ,
ਪਿੰਡਾ ਉਪਰਾਂਦਾ ਹੈ
ਤੇ ਮੱਥੇ ਦੇ ਉੱਤੇ
ਇਕ ਤ੍ਰੇਲੀ ਜਿਹੀ ਛੁੱਟਦੀ
ਇਕ ਲੰਬੀ ਲਕੀਰ ਟੁੱਟਦੀ,
ਤੇ ਸਾਹ–
ਜਨਮ ਦੀ ਤੇ ਮੌਤ ਦੀ
ਦੂਹਰੀ ਹਵਾੜ੍ਹ ਵਿਚ ਭਿੱਜ ਜਾਂਦਾ ਹੈ...



ਇਹ ਸਭ ਕਾਲੀਆਂ
ਤੇ ਪਤਲੀਆਂ ਲੀਕਾਂ
ਜਿਉਂ ਇੱਕ ਲੰਬੀ ਚੀਕ ਦੇ
ਕੁਝ ਟੁਕੜੇ ਜਹੇ ਹੁੰਦੇ...
ਉਹ ਚੁੱਪ ਤੇ ਹੈਰਾਨ
ਨੁੱਚੜੀ ਖਲੋਤੀ, ਵੇਖਦੀ, ਸੋਚਦੀ–
ਕਿ ਕੋਈ ਅਨਿਆਂ ਹੋਇਆ ਹੈ
ਉਹਦਾ ਕੋਈ ਅੰਗ ਮੋਇਆ ਹੈ
ਸ਼ਾਇਦ ਇਕ ਕੁਆਰੀ ਦਾ ਗਰਭ-ਪਾਤ
ਇੰਜੇ ਹੀ ਹੁੰਦਾ ਹੈ...

## ਗਲੀ ਦਾ ਕੁੱਤਾ

ਕਈ ਵਰ੍ਹਿਆਂ ਦੀ ਗੱਲ ਹੈ—
ਜਦ ਤੂੰ ਤੇ ਮੈਂ ਨਿੱਖੜੇ
ਕੋਈ ਪਛਤਾਵਾ ਨਹੀਂ,
ਸਿਰਫ਼—ਇਕ ਗੱਲ ਕੁਝ ਸਮਝ ਵਿਚ ਨਹੀਂ ਆਉਂਦੀ...

ਤੂੰ ਤੇ ਮੈਂ ਜਦ ਵਿਦਾ ਕਹਿ ਰਹੇ ਸਾਂ,
ਤੇ ਸਾਡਾ ਮਕਾਨ ਵਿਕ ਰਿਹਾ ਸੀ
ਚੌਂਕੇ ਦੇ ਸੱਖਣੇ ਭਾਂਡੇ
ਵਿਹੜੇ 'ਚ ਪਏ ਸਨ—
ਸ਼ਾਇਦ ਮੇਰੀਆਂ ਜਾਂ ਤੇਰੀਆਂ
ਅੱਖਾਂ 'ਚ ਵੇਖਦੇ,
ਕੁਝ ਮੂਧੇ ਵੀ ਸਨ—
ਸ਼ਾਇਦ ਮੂੰਹ ਛੁਪਾ ਰਹੇ ਸੀ...

ਇਹ ਬੂਹੇ ਦੀ ਵੇਲ ਸੀ,
ਮੁਰਝਾਈ ਜਿਹੀ
ਸ਼ਾਇਦ ਮੈਨੂੰ ਤੇ ਤੈਨੂੰ
ਕੁਝ ਕਹਿ ਰਹੀ
—ਜਾਂ ਪਾਣੀ ਦੀ ਟੂਟੀ ਨੂੰ
ਉਲਾਂਭਾ ਦੇ ਰਹੀ...

ਇਹ ਸਭ ਕੁਝ, ਤੇ ਹੋਰ ਇਹੋ ਜਿਹਾ,
ਕਦੇ ਚੇਤੇ ਨਹੀਂ ਆਉਂਦਾ,
ਸਿਰਫ਼ ਇਕ ਗੱਲ
ਕੁਝ ਬਹੁਤ ਯਾਦ ਆਉਂਦੀ ਹੈ—

ਕਿ ਇਕ ਸੜਕ ਦਾ ਕੁੱਤਾ—
ਕੀਕਣ, ਤੇ ਕੀ ਸੁੰਘਦਾ,
ਇਕ ਸੱਖਣੇ ਕਮਰੇ 'ਚ ਵੜ ਗਿਆ

ਤੇ ਕਮਰੇ ਦਾ ਬੂਹਾ
ਬਾਹਰੋਂ ਹੀ ਬੰਦ ਹੋ ਗਿਆ...
ਫੇਰ ਤੀਜੇ ਦਿਹਾੜੇ—
ਮਕਾਨ ਦਾ ਸੌਦਾ ਜਦ ਨੇਪਰੇ ਚੜ੍ਹਿਆ
ਤੇ ਚਾਬੀਆਂ ਦੇ ਨਾਲ ਅਸਾਂ
ਨੋਟਾਂ ਨੂੰ ਵਟਾਇਆ
ਨਵੇਂ ਮਾਲਕ ਨੂੰ
ਹਰ ਇਕ ਜੰਦਰਾ ਸੌਂਪਿਆ
ਤੇ ਇੱਕ ਇੱਕ ਕਮਰਾ ਵਿਖਾਇਆ
ਤਾਂ ਇੱਕ ਕਮਰੇ ਦੇ ਵਿੱਚ
ਉਸ ਕੁੱਤੇ ਦੀ ਲਾਸ਼ ਸੀ...

ਮੈਂ ਉਸ ਦਾ ਭੌਂਕਣਾ
ਕਦੇ ਕੰਨੀਂ ਨਹੀਂ ਸੁਣਿਆ
—ਸਿਰਫ਼ ਉਸ ਦੀ ਬੋਅ ਸੁੰਘੀ ਸੀ
ਤੇ ਉਹੀ ਬੋਅ ਹੁਣ ਵੀ ਅਚਾਨਕ—
ਮੈਨੂੰ ਕਈ ਚੀਜ਼ਾਂ 'ਚੋਂ ਆਉਂਦੀ ਹੈ...



# ਮੇਰਾ ਸ਼ਹਿਰ

ਮਿਰਾ ਸ਼ਹਿਰ ਇਕ ਲੰਬੀ ਬਹਿਸ ਵਰਗਾ ਹੈ...

ਸੜਕਾਂ—ਬੇਤੁਕੀਆਂ ਦਲੀਲਾਂ ਦੀ ਤਰ੍ਹਾਂ
ਤੇ ਗਲੀਆਂ ਇਸ ਤਰ੍ਹਾਂ—
ਜਿਉਂ ਇੱਕੋ ਗੱਲ ਨੂੰ ਕੋਈ ਇੱਧਰ ਘਸੀਟਦਾ ਕੋਈ ਉੱਧਰ।

ਹਰ ਮਕਾਨ ਇਕ ਮੁੱਠ ਵਾਂਗੂੰ ਵੱਟਿਆ ਹੋਇਆ
ਕੰਧਾਂ—ਕਚੀਚੀਆਂ ਵਾਂਗੂੰ
ਤੇ ਨਾਲੀਆਂ, ਜਿਉਂ ਮੂੰਹਾਂ 'ਚੋਂ ਝੱਗ ਵਗਦੀ ਹੈ...

ਇਹ ਬਹਿਸ ਖ਼ੌਰੇ ਸੂਰਜ ਤੋਂ ਸ਼ੁਰੂ ਹੋਈ ਸੀ
ਜੁ ਉਸ ਨੂੰ ਵੇਖ ਕੇ ਇਹ ਹੋਰ ਗਰਮ ਹੁੰਦੀ
ਤੇ ਹਰ ਬੂਹੇ ਦੇ ਮੂੰਹ 'ਚੋਂ—
ਫਿਰ ਸਾਈਕਲਾਂ ਤੇ ਸਕੂਟਰਾਂ ਦੇ ਪਹੀਏ
ਗਾਲ੍ਹਾਂ ਦੀ ਤਰ੍ਹਾਂ ਨਿਕਲਦੇ
ਤੇ ਘੰਟੀਆਂ ਤੇ ਹਾਰਨ ਇਕ ਦੂਜੇ 'ਤੇ ਝਪਟਦੇ...

ਜਿਹੜਾ ਵੀ ਬਾਲ ਇਸ ਸ਼ਹਿਰ ਵਿਚ ਜੰਮਦਾ
ਪੁੱਛਦਾ ਕਿ ਕਿਹੜੀ ਗੱਲ ਤੋਂ ਇਹ ਬਹਿਸ ਹੋ ਰਹੀ ?
ਫਿਰ ਉਸ ਦਾ ਸਵਾਲ ਵੀ ਇਕ ਬਹਿਸ ਬਣਦਾ
ਬਹਿਸ ਵਿਚੋਂ ਨਿਕਲਦਾ, ਬਹਿਸ ਵਿਚ ਰਲਦਾ...

ਸੰਖਾਂ ਘੜਿਆਲਾਂ ਦੇ ਸਾਹ ਸੁੱਕੇ
ਰਾਤ ਆਉਂਦੀ, ਸਿਰ ਖਪਾਂਦੀ, ਤੇ ਚਲੀ ਜਾਂਦੀ
ਪਰ ਨੀਂਦਰ ਦੇ ਵਿੱਚ ਵੀ ਇਹ ਬਹਿਸ ਨਾ ਮੁੱਕੇ।

ਮਿਰਾ ਸ਼ਹਿਰ ਇਕ ਲੰਬੀ ਬਹਿਸ ਵਰਗਾ ਹੈ...



## 15 ਅਗਸਤ

ਮਨ ਦੇ ਮੰਦਰ ਜਗ ਮਗ ਕਰਦੀ
ਦੇਸ ਮੇਰੇ ਦੀ ਮੂਰਤੀ
ਇਕ ਸੁਪਨਾ ਤਲੀਆਂ ਜੋੜੇ—
ਮੰਗੇ ਪੂਰਤੀ...

ਮੱਥੇ ਵਿਚ ਇਕ ਕਿਰਨ ਚਮਕਦੀ
ਕਿਰਨ ਸੋਚ ਦੀ, ਕਿਰਨ ਸੂਝ ਦੀ,
ਅੱਖੀਆਂ ਦੇ ਵਿਚ ਤਾਰੇ
ਹੱਥਾਂ ਵਿਚ ਮੇਹਨਤ ਦੀਆਂ ਲੀਕਾਂ
ਲੀਕ ਕਿਰਤ ਦੀ, ਲੀਕ ਕਲਾ ਦੀ,
ਸਮਿਆਂ ਨੂੰ ਸ਼ਿੰਗਾਰੇ

ਇਸ ਸੁਪਨੇ ਦੀ ਖ਼ੈਰ ਮਨਾਵਾਂ,
ਇਹ ਸੁਪਨਾ ਅਜ ਸਾਡੀ ਗੰਗਾ
ਜਮਨਾ ਦੇ ਵਿਚ ਤਰਦਾ
ਇਸ ਸੁਪਨੇ ਤੋਂ ਸਦਕੇ ਜਾਵਾਂ
ਇਹ ਸੁਪਨਾ ਅਜ ਕੂਲੇ ਪੈਰੀਂ
ਧਰਤੀ ਉਤੇ ਤੁਰਦਾ

ਗੱਲ ਕਰੋ ਕੁਝ ਵਰਤਮਾਨ ਦੀ
ਇਸ ਸੁਪਨੇ ਦੇ ਪੈਰਾਂ ਸਦਕਾ
ਮਹਿਕ ਗਈਆਂ ਨੇ ਰਾਤਾਂ
ਆਓ ਭਵਿੱਖ ਦੀ ਕਰੋ ਕਹਾਣੀ
ਇਸ ਸੁਪਨੇ ਦੇ ਹੋਠਾਂ ਸਦਕਾ
ਮਹਿਕ ਗਈਆਂ ਨੇ ਬਾਤਾਂ

ਜਿਸ ਚਾਲੇ ਮੇਰਾ ਦਿਹੁੰ ਚੜ੍ਹੰਦਾ
ਜਿਸ ਚਾਲੇ ਮੇਰੀ ਰਾਤ ਪਵੰਦੀ,
ਸੁਪਨਾ ਉਸ ਤੋਂ ਅੱਗੇ
ਮੇਰੀ ਉਮਰਾ, ਤੇਰੀ ਉਮਰਾ
ਅਤੇ ਮਨੁੱਖ ਦੀ ਸਾਰੀ ਉਮਰਾ
ਇਸ ਸੁਪਨੇ ਨੂੰ ਲੱਗੇ।

ਮਨ ਦੇ ਮੰਦਰ ਜਗ ਮਗ ਕਰਦੀ
ਦੇਸ ਮੇਰੇ ਦੀ ਮੂਰਤੀ
ਇਕ ਸੁਪਨਾ ਤਲੀਆਂ ਜੋੜੇ—
ਮੰਗੇ ਪੂਰਤੀ...



## 15 ਅਗਸਤ

ਇਹੀ ਜਨਤਾ ਕਿ ਜਿਸ ਨੇ
ਸੁਪਨਿਆਂ ਦੀ ਬਾਤ ਛੋਹੀ ਸੀ
ਇਹ ਰੋਈ ਸੀ ਤਾਂ ਮੇਰੇ
ਵਕਤ ਦੀ ਵੀ ਅੱਖ ਰੋਈ ਸੀ

ਸਰਫਰੋਸ਼ੀ ਦੀ ਤਮੰਨਾ
ਜਦ ਕਦੀ ਵੀ ਗਾਈ ਸੀ
ਇਹੀ ਜਨਤਾ ਕਿ ਜਿਸ ਨੇ
ਖ਼ੂਨ ਦੀ ਮਹਿੰਦੀ ਲਗਾਈ ਸੀ.

ਇਹੀ ਜਨਤਾ ਕਿ ਜਿਸ
ਗ਼ੁਲਾਮੀਆਂ ਦੇ ਜ਼ਹਿਰ ਪੀਤੇ ਸੀ
ਇਹੀ ਜਨਤਾ ਕਿ ਜਿਸ ਨੇ
ਫ਼ਾਂਸੀਆਂ ਦੇ ਸਗਣ ਕੀਤੇ ਸੀ.

ਇਹੀ ਜਨਤਾ ਕਿ ਜਿਸ ਨੇ
ਕਿਸਮਤਾਂ ਦੀ ਵਾਗ ਮੋੜੀ ਸੀ
ਇਹੀ ਜਨਤਾ ਕਿ ਜਿਸ ਨੇ
ਪੈਰ ਦੀ ਜ਼ੰਜੀਰ ਤੋੜੀ ਸੀ.

ਇਹੀ ਜਨਤਾ—ਜੋ ਅਜ
ਮੰਨਤ ਵੀ ਹੈ ਮੁਰਾਦ ਵੀ
ਰਸਤਾ ਵੀ ਇਹ, ਮੰਜ਼ਲ ਵੀ ਇਹ,
ਖੰਡਰ ਵੀ ਇਹ ਬੁਨਿਆਦ ਵੀ.

ਇਹ ਆਦ ਵੀ, ਜੁਗਾਦ ਵੀ,
ਆਬਾਦ ਵੀ, ਬਰਬਾਦ ਵੀ
ਓ ਸੁਪਨਿਆਂ ਦੇ ਨਾਖ਼ੁਦਾ !
ਇਹ ਦਾਦ ਵੀ ਫਰਿਆਦ ਵੀ.

ਇਹ ਚੀਜ਼ ਵੀ ਨਾਚੀਜ਼ ਵੀ,
ਜਵਾਬ ਵੀ ਸਵਾਲ ਵੀ
ਇਹ ਸਬਰ ਵੀ ਇਹ ਸ਼ੁਕਰ ਵੀ
ਇਹ ਰੰਜ ਵੀ ਮਲਾਲ ਵੀ,

ਇਹ ਚੀਜ਼ ਵੀ, ਨਾਚੀਜ਼ ਵੀ,
ਸਵਾਲ ਵੀ ਜਵਾਬ ਵੀ
ਇਹ ਚੁੱਪ ਵੀ ਹੈ ਵਕਤ ਦੀ
ਤੇ ਉਸ ਦਾ ਇਨਕਲਾਬ ਵੀ...

ਇਹੀ ਜਨਤਾ...ਇਹੀ ਜਨਤਾ...ਇਹੀ ਜਨਤਾ...



## 15 ਅਗਸਤ

ਗੱਲ ਵਤਨ ਦੀ ਹੈ
ਵਤਨਾਂ ਵਾਲਿਓ ਵੇ !
ਹਿੰਮਤਾਂ ਵਾਲਿਓ ਵੇ !
ਜਤਨਾਂ ਵਾਲਿਓ ਵੇ !

ਮੰਝਧਾਰ ਦੀ ਗੱਲ
ਜੇ ਸੁਣੋ ਬਹਿ ਕੇ—
ਚੱਪੂਆਂ ਵਾਲਿਓ ਵੇ,
ਪੱਤਨਾਂ ਵਾਲਿਓ ਵੇ !

ਏਸ ਜਨਤਾ ਦਾ
ਇਕ ਵਿਸ਼ਵਾਸ ਹੁੰਦਾ—
ਇੱਕ ਵਿਸ਼ਵਾਸ਼
ਜੁ ਪੰਦ੍ਰਹਵਾਂ ਰਤਨ ਕਹੀਏ,
ਓਸੇ ਰਤਨ ਦੀ
ਅੱਜ ਹੈ ਲੋੜ ਸਾਨੂੰ,
ਆਵੋ ! ਫੇਰ
ਸਮੁੰਦਰ ਨੂੰ ਰਿੜਕ ਲਈਏ !

ਇਹ ਵਿਸ਼ਵਾਸ
ਅਜ ਪੰਦ੍ਰਹਵਾਂ ਰਤਨ ਲੱਭੇ !
ਸੁਣੋ ਸੁਣੋ ਚੌਦਾਂ
ਰਤਨਾਂ ਵਾਲਿਓ ਵੇ !
ਗੱਲ ਵਤਨ ਦੀ ਹੈ,
ਵਤਨਾਂ ਵਾਲਿਓ ਵੇ !...



## ਖ਼ੂਨੀ ਸਵੇਰਾਂ

ਜੀਵਨ ਦੀਆਂ ਦੁਸ਼ਵਾਰੀਆਂ
ਮਜਬੂਰੀਆਂ ਲਾਚਾਰੀਆਂ
ਇਹ ਜ਼ਿੱਲਤਾਂ ਇਹ ਖੁਆਰੀਆਂ
ਮਿੱਟੀ 'ਚ ਰੀਂਗਣ ਹਸਰਤਾਂ
ਗੁਲਾਮੀ ਦੀਆਂ ਇਹ ਲਾਹਨਤਾਂ,
ਗੁਲਾਮਾਂ ਦੀਆਂ ਇਹ ਕਿਸਮਤਾਂ...
ਇਕ ਕਹਿਰ ਸੀ ਜੋ ਜਰ ਲਿਆ,
ਇਕ ਸਬਰ ਸੀ ਜੋ ਕਰ ਲਿਆ
ਇਕ ਜ਼ਹਿਰ ਸੀ ਜੋ ਪੀ ਲਿਆ,
ਇਕ ਮੌਤ ਨੂੰ ਅਸਾਂ ਜੀਅ ਲਿਆ
ਛਾਤੀ 'ਚ ਅੱਗ ਬਲਦੀ ਪਈ,
ਅੱਖਾਂ 'ਚੋਂ ਪਾਣੀ ਵਹਿ ਰਿਹਾ
ਸੁਣੋ, ਸੁਣੋ, ਸੁਣੋ, ਸੁਣੋ—
ਇਹ ਵਕਤ ਕੀ ਕੁਝ ਕਹਿ ਰਿਹਾ...
ਇਹ ਵਕਤ ਕੀ ਕੁਝ ਸਹਿ ਰਿਹਾ—
ਇਹ ਵਕਤ ਕੀ ਕੁਝ ਕਹਿ ਰਿਹਾ...



'ਮੈਂ ਵਕਤ ਇਕ ਸਵਾਲ ਹਾਂ—
ਕੰਧਾਂ ਤੇ ਖੂਹਾਂ 'ਚੋਂ ਉੱਠਿਆ ਸਵਾਲ
ਲੱਖਾਂ ਹੀ ਰੂਹਾਂ 'ਚੋਂ ਉੱਠਿਆ ਸਵਾਲ,
ਤੇ ਇਹਨਾਂ ਦੇ ਮੂੰਹਾਂ 'ਚੋਂ ਉੱਠਿਆ ਸਵਾਲ...

ਇਹ ਜ਼ਰਦ ਚੇਹਰੇ ਇਹ ਸਰਦ ਲਾਸ਼ਾਂ—
ਹਨੇਰਾ...ਹਨੇਰਾ...
ਤੇ ਹੋਠਾਂ ਦੇ ਉੱਤੇ ਸੰਗੀਨਾਂ ਦਾ ਪਹਿਰਾ
ਇਹ ਘਾਇਲ ਉਮੀਦਾਂ
ਇਹ ਜ਼ਖ਼ਮੀ ਆਵਾਜ਼ਾਂ—
ਇਹ ਖ਼ੂਨੀ ਸਵੇਰਾਂ

ਇਹ ਕਾਲੀਆਂ ਦੁਪਹਿਰਾਂ
ਆਵੋ...ਕਿ ਆਵੋ...
ਇਹ ਹਨੇਰਾ ਜਲਾਵੋ
ਬਾਦਸ਼ਾਹੀਆਂ ਦੇ ਅੱਗੇ
ਸ਼ਹਿਨਸ਼ਾਹੀਆਂ ਦੇ ਅੱਗੇ,
ਇਹ ਸਿਰ ਨਹੀਂ ਝੁਕੇਗਾ...
ਨਹੀਂ ਝੁਕੇਗਾ
ਇਹ ਜਵਾਨੀ ਦਾ ਦਾਅਵਾ,
ਇਹ ਛਾਤੀ ਦਾ ਲਾਵਾ,
ਇਹ ਹੁਣ ਨਹੀਂ ਰੁਕੇਗਾ—
ਨਹੀਂ ਰੁਕੇਗਾ

ਇਹ ਕੰਧਾਂ, ਇਹ ਕੂਚੇ,
ਇਹ ਬਰਬਾਦ ਗਲੀਆਂ
ਇਹ ਕੱਖਾਂ 'ਚ ਰੁਲੀਆਂ
ਤੇ ਦੁੱਖਾਂ 'ਚ ਪਲੀਆਂ
ਤੇ ਵੇਖੋ ਇਹ ਗਲੀਆਂ—
ਗ਼ੁਲਾਮੀ ਦੀ ਦੁਨੀਆਂ ਨੂੰ
ਅੱਗ ਲਾਣ ਚੱਲੀਆਂ...
ਇਹ ਤਖ਼ਤ ਢਾਵੋ,
ਇਹ ਤਾਜ ਲਾਵ੍ਹੋ—
ਆਵੋ...ਕਿ ਆਵੋ,
ਇਹ ਹਨੇਰਾ ਜਲਾਵੋ...



—1919 ਸਾਕਾ ਜੱਲ੍ਹਿਆਂ ਵਾਲਾ



## ਹਵਾੜ੍ਹ

ਇਕ ਦੋਸਤੀ ਦੇ ਫੁੱਲ ਚੋਂ
ਆਈ ਹਵਾੜ੍ਹ ਖ਼ੂਨ ਦੀ...
ਅਕਲਾਂ ਦਾ ਮੱਥਾ ਠਣਕਿਆ,
ਤਹਜ਼ੀਬ ਦੇ, ਇਖ਼ਲਾਕ ਦੇ
ਮੱਥੇ ਤੇ ਮੁੜ੍ਹਕਾ ਆ ਗਿਆ
ਤੇ ਆਪਣੇ ਦੰਦਾਂ ਦੇ ਹੇਠਾਂ—
ਜੀਭ ਟੁੱਕੀ ਅਮਨ ਨੇ,
ਅਮਨ ਦੀ ਇਕ ਸਹੁੰ ਨੇ,
ਇਕ ਦੋਸਤੀ ਦੇ ਫੁੱਲ ਚੋਂ
ਆਈ ਹਵਾੜ੍ਹ ਖ਼ੂਨ ਦੀ
ਸੁੰਘੀ ਹੈ ਕਾਲੀ ਰਾਤ ਨੇ,
ਸੁੰਘੀ ਹੈ ਕਾਲੇ ਦਿਹੁੰ ਨੇ...


ਇਹ ਖ਼ੂਨ ਹੈ ਵਿਸ਼ਵਾਸ ਦਾ
ਨਾੜਾਂ 'ਚ ਖੌਲ ਜਾਏਗਾ,
ਡੁੱਲ੍ਹੇਗਾ ਮਿੱਟੀ ਚੁੰਮ ਕੇ
ਉੱਗੇਗਾ ਮੌਲ ਜਾਏਗਾ...;
ਉੱਠੇਗੀ ਇਸਦੀ ਵਾਸ਼ਨਾ
ਕਣਕਾਂ 'ਚ ਫੈਲ ਜਾਏਗੀ,
ਉੱਠੇਗੀ ਇਸਦੀ ਵਾਸ਼ਨਾ
ਕਲਮਾਂ 'ਚ ਫੈਲ ਜਾਏਗੀ...
ਇਹ ਵਾਸ਼ਨਾ ਇਤਿਹਾਸ ਦੇ
ਸਾਹਵਾਂ ਚੋਂ ਔਂਦੀ ਰਹੇਗੀ,
ਕਿ ਖ਼ੂਨ ਦੀ ਇਹ ਵਾਸ਼ਨਾ
ਵਾਰਸ ਹੈ ਸਾਡੇ ਜ਼ਖ਼ਮ ਦੀ...
ਇਹ ਜ਼ਖ਼ਮ ਜੋ ਇਨਸਾਨ ਦੀ
ਛਾਤੀ ਤੇ ਖੁਣਿਆ ਜਾਏਗਾ,



ਇਤਿਹਾਸ, ਜਿਹੜਾ ਖ਼ੂਨ ਦੇ
ਇਸ ਅਮਲ ਤੋਂ ਸ਼ਰਮਾਏਗਾ...

ਇਹ ਖ਼ੂਨ, ਜੋ ਇਨਸਾਨ ਦੇ,
ਹੱਥਾਂ 'ਚੋਂ ਵਗਦੇ ਜਾ ਰਹੇ,
ਇਹ ਜ਼ਖ਼ਮ, ਜੋ ਇਨਸਾਨ ਦੇ
ਹੱਥਾਂ ਤੇ ਲਗਦੇ ਜਾ ਰਹੇ...
ਇਹ ਉਹੀ ਸੁਹਣੇ ਹੱਥ ਜੁ
ਫੁੱਲਾਂ ਨੂੰ ਬੀਜ ਸਕਦੇ ਨੇ,
ਇਹ ਉਹੀ ਆਸ਼ਕ ਹੱਥ ਜੁ
ਹੁਸਨਾਂ ਤੇ ਰੀਝ ਸਕਦੇ ਨੇ,
ਇਹ ਉਹੀ ਹੁਨਰੀ ਹੱਥ ਜੁ
ਸਾਜ਼ਾਂ ਨੂੰ ਛੇੜ ਸਕਦੇ ਨੇ,
ਇਹ ਉਹੀ ਕਿਰਤੀ ਹੱਥ ਜੋ
ਸੁਪਨੇ ਵੀ ਜੋੜ ਸਕਦੇ ਨੇ...

ਇਹ ਹੱਥ ਪਾਣੀ ਪੌਣ ਤੇ
ਅਗਨੀ ਨੂੰ ਬੰਨ੍ਹ ਸਕਦੇ ਨੇ,
ਸੂਰਜ ਦਾ ਚੁੱਲ੍ਹਾ ਬਾਲਕੇ
ਹਾਂਡੀ ਨੂੰ ਰਿੰਨ੍ਹ ਸਕਦੇ ਨੇ...
ਇਹ ਹੱਥ ਜੁ ਧਰਤੀ ਦੀਆਂ
ਜ਼ੁਲਫ਼ਾਂ ਸੰਵਾਰ ਸਕਦੇ ਨੇ,
ਇਹ ਉਹੀ ਸੋਹਣੇ ਹੱਥ ਜੁ
ਦੁਨੀਆਂ ਉਸਾਰ ਸਕਦੇ ਨੇ...



ਫੁੱਲਾਂ ਤੇ ਜ਼ੁਲਫ਼ਾਂ ਦੀ ਕਸਮ,
ਹੱਥਾਂ ਤੇ ਜ਼ਖ਼ਮ ਲਾਓ ਨਾ !
ਇਹ ਕਾਰਵੰਦੇ ਹੱਥ ਨੇ,
ਅਜ ਕਾਤਿਲ ਬਣਾਓ ਨਾ !
ਤੇ ਹੱਥਾਂ ਦੀ ਰਾਖੀ ਵਾਸਤੇ
ਅਜ ਹੱਥ ਦੇਵੋਂ ਸਾਥੀਓ...
ਨੰਵਬਰ 1962

## ਫੱਗਣ

ਅੜੀਏ ਹੋਲੀਏ ਨੀ ! ਭੈਣੇ ਭੋਲੀਏ ਨੀ !
ਪੋਹ ਮਾਘ ਤਾਂ ਗਿਆ ਏ ਬੀਤ ਸਈਏ !
ਮਾਣ ਮੱਤੀਏ ਨੀ ! ਰੰਗ ਰੱਤੀਏ ਨੀ !
ਫੱਗਣ ਮਾਹ ਦੀ ਰੱਖ ਲੈ ਰੀਤ ਸਈਏ !

ਟੂਣੇ ਹਾਰੀਏ ! ਕੰਜ ਕੰਵਾਰੀਏ ਨੀ !
ਵਾਜਾਂ ਮਾਰਦਾ ਏ ਤੇਰਾ ਕਾਜ ਤੈਨੂੰ
ਫੱਗਣ ਮਾਹ ਨੂੰ ਧੁਰਾਂ ਦਾ ਇਸ਼ਕ ਤੇਰਾ
ਇਹਦੇ ਇਸ਼ਕ ਦੀ ਧੁਰਾਂ ਤੋਂ ਲਾਜ ਤੈਨੂੰ !

ਰੰਗ ਲਿਸ਼ਕੀਏ ਨੀ ! ਅੰਗ ਮੁਸ਼ਕੀਏ ਨੀ !
ਰੁੱਤਾਂ ਰਾਂਗਲੇ ਸਗਣ ਮਨਾਂਦੀਆਂ ਨੇ
ਧਰਤੀ ਮਾਂ ਤੇਰੀ ਤੇਰੇ ਵਾਸਤੇ ਨੀ !
ਵੇਖ ਸੱਤ ਪਟਾਰੀਆਂ ਆਂਦੀਆਂ ਨੇ !

ਸੋਹਜਾਂ ਵਾਲੀਏ ਨੀ ! ਸਗਣਾ ਵਾਲੀਏ ਨੀ !
ਤੇਰੇ ਚਿੱਟੜੇ ਵੇਸ ਰੰਗਾ ਦੇਈਏ
ਸਾਡੇ ਸੱਖਣੇ ਹੱਥਾਂ ਦੀ ਸਹੁੰ ਸਾਨੂੰ,
ਚੂੰਢੀ ਰੰਗ ਦੀ ਅਸੀ ਵੀ ਲਾ ਲਈਏ !



ਅੜੀਏ ਹੋਲੀਏ ਨੀ ! ਭੈਣੇ ਭੋਲੀਏ ਨੀ !
ਸੂਰਜ ਆਪ ਸਜਾਇਆ ਏ ਥਾਲ ਕੋਈ
ਅੰਬਰ ਬਾਬਲੇ ਨੇ, ਧਰਮੀ ਬਾਬਲੇ ਨੇ,
ਤੈਨੂੰ ਭੇਜਿਆ ਰੰਗ ਗੁਲਾਲ ਕੋਈ।

ਸੋਹਲ ਅੰਗੀਏ ਨੀ ! ਜਾਦੂ ਰੰਗੀਏ ਨੀ !
ਕਿਰਨਾਂ ਕਦੇ ਨਾ ਵਿਤਕਰੇ ਪਾਂਦੀਆਂ ਨੇ
ਜਿਹੜੀ ਤਾਬ ਦੇ ਨਾਲ ਉਹ ਔਂਦੀਆਂ ਨੇ,
ਓਸੇ ਤਾਬ ਦੇ ਨਾਲ ਉਹ ਜਾਂਦੀਆਂ ਨੇ।

ਮੁੱਖੋਂ ਬੋਲ ਸਈਏ ! ਮੁੱਠ ਖੋਲ੍ਹ ਸਈਏ !
ਕੋਈ ਰੰਗ ਜੁ ਕਿਸਮਤਾਂ ਰੰਗ ਜਾਵੇ
ਕੋਈ ਹੱਥ ਜੁ ਘੜੇ ਤਕਦੀਰ ਤਾਈਂ,
ਕੋਈ ਪੈਰ ਜੁ ਹੋਣੀਆਂ ਲੰਘ ਜਾਵੇ।

ਇਕ ਰਾਜ ਨਿਆਜ਼ ਦੀ ਬਾਤ ਤੇਰੀ,
ਖੋਲ੍ਹ ਦੇਈਂ ਇਹ ਪੀਡੜੀ ਗੰਢ ਸਈਏ !
ਤਲੀ ਮੇਹਨਤਾਂ ਦੀ ਰੰਗ ਬਰਕਤਾਂ ਦਾ,
ਏਸ ਲਾਲ ਗੁਲਾਲ ਨੂੰ ਵੰਡ ਸਈਏ !






# ਫੱਗਣ

ਰੰਗ ਦੇ ਦੁਪੱਟਾ ਮੇਰਾ
ਰੁੱਤੇ ਨੀ ਲਲਾਰਣੇ !
ਅੱਜ ਮੈਂ ਲੁਕਾਈ ਉਤੋਂ
ਸਾਰੇ ਰੰਗ ਵਾਰਣੇ !

ਸੱਤ ਰੰਗ ਮੈਂ ਲੱਭ ਲਿਆਂਦੇ,
ਅਠਵਾਂ ਲੱਭਣ ਆਈ
ਅਠਵਾਂ ਰੰਗ ਮੁਹੱਬਤ ਵਾਲਾ
ਦੇਸ ਪਿਆਰ ਦਾ ਲੋਕ ਪਿਆਰ ਦਾ,
ਸਭ ਤੋਂ ਰੰਗ ਪਕੇਰਾ...
ਸੱਤ ਰੰਗ ਮੈਂ ਮੁੱਲ ਵਿਹਾਜਾਂ
ਅਠਵਾਂ ਰੰਗ ਖ਼ੁਦਾਈ
ਭੇਤ ਰਹੇ ਨਾ ਜ਼ਾਤ ਕੌਮ ਦਾ
ਰੰਗੀ ਜਾਏ ਲੁਕਾਈ,
ਜੀਕਣ ਚੜ੍ਹੇ ਸਵੇਰਾ...
ਸੱਤ ਰੰਗ ਪਾਣੀ ਵਿਚ ਘੁਲਦੇ
ਅਠਵਾਂ ਦਿਲ ਵਿਚ ਘੁਲਦਾ
ਰੰਗ ਇਲਾਹੀ ਚੜ੍ਹਦਾ ਇਸ ਦਾ
ਭੇਤ ਇਲਾਹੀ ਖੁਲ੍ਹਦਾ,
ਰੰਗਿਆ ਜਾਏ ਹਨੇਰਾ...
ਸੱਤ ਰੰਗ ਵਿਚ ਵੇਸ ਰੰਗਾਵਾਂ
ਅਠਵੇਂ ਰੰਗ ਵਿਚ ਸੁਪਨਾ
ਅਮਨ ਚੈਨ ਧਰਤੀ ਦਾ ਸੁਪਨਾ,
ਸੁਪਨਾ ਮੇਰਾ ਆਪਣਾ ,
ਤੇ ਇਹੋ ਸੁਪਨਾ ਤੇਰਾ...



## ਫੱਗਣ

ਇੱਕ ਸੁਪਨੇ ਵਰਗਾ ਰੰਗ
ਕਿ ਰੰਗ ਗੁਲਾਲ ਦਾ
ਇਹ ਕੱਚਾ ਸੂਹਾ ਰੰਗ
ਸੋਹਲਵੇਂ ਸਾਲ ਦਾ,
ਇਹ ਪੱਕਾ ਸੂਹਾ ਰੰਗ
ਕਿ ਰੰਗ ਖ਼ਿਆਲ ਦਾ...

ਮਨ ਦੀਆਂ ਚਿੱਟੀਆਂ ਤਲੀਆਂ ਰੰਗਾਂ,
ਤਨ ਦਾ ਚਿੱਟਾ ਜੋੜਾ
ਇਕ ਧਰਤੀ ਦਾ ਅੰਗਣ ਰੰਗਾਂ,
ਇਕ ਸੱਜਣ ਦਾ ਵੇਹੜਾ
ਇਹ ਦੋ ਰੁੱਤਾਂ ਦਾ ਮੇਲ
ਹੁਨਾਲ ਸਿਆਲ ਦਾ,
ਇਕ ਸੁਪਨੇ ਵਰਗਾ ਰੰਗ
ਕਿ ਰੰਗ ਗੁਲਾਲ ਦਾ...

ਅੱਜ ਦੀ ਪਹਿਲੀ ਕਿਰਨ ਕੰਵਾਰੀ
ਸਗਣ ਮਨਾ ਕੇ ਉੱਠੀ
ਅੰਬਰ ਰੰਗਾ ਦੇ ਵਿਚ ਘੋਲਾਂ
ਏਸ ਰੰਗ ਦੀ ਮੁੱਠੀ
ਕਿ ਰੰਗ ਮਿਲੇ ਨਾ ਕਿਧਰੋਂ
ਇਸ ਦੇ ਨਾਲ ਦਾ,
ਇਕ ਸੁਪਨੇ ਵਰਗਾ ਰੰਗ
ਕਿ ਰੰਗ ਗੁਲਾਲ ਦਾ...

ਏਸ ਰੰਗ ਵਿਚ ਘੋਲ ਦਿਆਂਗੀ
ਆਪਣੇ ਮਨ ਦੀਆਂ ਗੱਲਾਂ

ਕੁਝ ਕਹੀਆਂ ਤੇ ਕੁਝ ਅਣਕਹੀਆਂ
ਮਨ ਸਾਗਰ ਦੀਆਂ ਛੱਲਾਂ
ਇਹ ਮਨ ਦਾ ਭੇਤੀ ਮੇਰਾ
ਮਹਿਰਮ ਹਾਲ ਦਾ,
ਇਕ ਸੁਪਨੇ ਵਰਗਾ ਰੰਗ
ਕਿ ਰੰਗ ਗੁਲਾਲ ਦਾ...



# ਚਾਨਣ ਦੀ ਸੂਈ

ਸਾਰੀ ਕਿਸਮਤ ਉੱਧੜੀ ਹੋਈ
ਦੇਸ ਮੇਰੇ ਦਾ ਕੱਜਣ ਪਾਟਾ,
ਮੰਗਦਾ ਇਕ ਚਾਨਣ ਦੀ ਸੂਈ...

ਵਕਤ ਮਹਾਂ ਸਾਗਰ ਸੀ ਕੋਈ,
ਘੋਰ ਹਨੇਰਾ ਰਿੜਕ ਰਿੜਕ ਕੇ
ਆਖ਼ਰ ਚੌਦਾਂ ਰਤਨਾਂ ਵਾਂਗੂੰ,
ਲੱਭ ਲਈ ਚਾਨਣ ਦੀ ਸੂਈ...



ਹਰ ਸੰਗਰਾਮ ਜਿਵੇਂ ਇਕ ਧਾਗਾ,
ਹਰ ਸੁਪਨਾ ਧਾਗੇ ਨੂੰ ਰੰਗੇ
ਜ਼ਿੰਦੜੀ ਦਾ ਮੈਂ ਪੀੜ੍ਹਾ ਡਾਹਿਆ,
ਕਿਸਮਤ ਦੀ ਫੁਲਕਾਰੀ ਛੋਹੀ—
ਪਹਿਲਾ ਫੁੱਲ ਸੁਤੰਤਰਤਾ ਦਾ,
ਫੁੱਲ ਦੂਸਰਾ ਲੋਕ ਰਾਜ ਦਾ
ਸੱਤ ਡੰਡੀਆਂ ਸੱਤਰ ਵੇਲਾਂ,
ਤੀਜਾ ਫੁੱਲ ਖ਼ੁਸ਼ਹਾਲੀ ਵਾਲਾ
ਮਾਣ ਮੱਤੀਆਂ ਰੰਗ ਰੱਤੀਆਂ,
ਕੰਮ ਜਿਵੇਂ ਸਨ ਕਈ ਪੱਤੀਆਂ,
ਹੁਣੇ ਹੁਣੇ ਮੈਂ ਇਸ ਫੁਲਕਾਰੀ,
ਚਿੱਟਾ ਫੁੱਲ ਅਮਨ ਦਾ ਛੋਹਿਆ
ਹਾਏ ਮੈਂ ਮਰ ਗਈ ਇਹ ਕੀ ਹੋਇਆ—

ਹੱਥ ਫੁਲਕਾਰੀ ਪਕੜੀ ਹੋਈ,
ਧਾਗਾ ਪਾਣ ਲੱਗੀ ਸਾਂ ਕੋਈ
ਕੰਬ ਗਿਆ ਪੀੜ੍ਹੀ ਦਾ ਪਾਵਾ,
ਟੁੱਟ ਗਈ ਚਾਨਣ ਦੀ ਸੂਈ...

## ਮਾਸ ਦਾ ਫੁੱਲ

ਧਰਤੀ ਦੀਆਂ ਟਾਹਣੀਆਂ ਉੱਤੇ
ਰੋਜ਼ ਮਾਸ ਦੇ ਫੁੱਲ ਖਿੜਦੇ ਨੇ,
ਰੋਜ਼ ਮਾਸ ਦੇ ਫੁੱਲ ਝੜਦੇ ਨੇ...
ਪਰ ਇਕ ਫੁੱਲ ਕਿਹਾ ਕੁ ਖਿੜਿਆ,
ਪਰ ਇਕ ਫੁੱਲ ਕਿਹਾ ਕੁ ਝੜਿਆ
ਧਰਤੀ ਇੰਜ ਕਦੇ ਨਾ ਹੱਸੀ,
ਧਰਤੀ ਇੰਜ ਕਦੇ ਨਾ ਰੋਈ
ਕਿਹੋ ਜਿਹੀ ਇਸਦੀ ਖ਼ੁਸ਼ਬੋਈ,
ਫੁੱਲ ਮੋਇਆ ਪਰ ਮਹਿਕ ਨਾ ਮੋਈ...

ਕੱਲ੍ਹ ਹੋਠਾਂ ਚੋਂ ਔਂਦੀ ਪਈ ਸੀ,
ਅਜ ਹੰਝੂਆਂ ਚੋਂ ਔਂਦੀ ਪਈ ਏ
ਭਲਕੇ ਯਾਦਾਂ ਚੋਂ ਆਵੇਗੀ...
ਸਾਰੀ ਧਰਤ ਵਿਰਾਗੀ ਹੋਈ,
ਕਿਹੋ ਜਿਹੀ ਇਸਦੀ ਖ਼ੁਸ਼ਬੋਈ
ਫੁੱਲ ਮੋਇਆ ਪਰ ਮਹਿਕ ਨਾ ਮੋਈ...




# ਇਤਿਹਾਸ ਦਾ ਹਉਕਾ

ਇਸ ਕਿਸ ਤਰ੍ਹਾਂ ਦੀ ਰਾਤ ਸੀ,
ਇਹ ਕਿਸ ਤਰ੍ਹਾਂ ਦੀ ਬਾਤ ਹੈ
ਨੀਂਦਰ ਸੀ ਅਜ ਕੇਹੋ ਜਹੀ,
ਸੁਪਨੇ ਦਾ ਮੱਥਾ ਠਣਕਿਆ।

ਚਰਖਾ ਜੁ ਭੱਜਾ ਚੰਨ ਦਾ,
ਪੱਛੀ ਚੋਂ ਤਾਰੇ ਢਹਿ ਪਏ
ਧਰਤੀ ਦੇ ਕੰਬਦੇ ਹੱਥ ਚੋਂ,
ਪੂਣੀ ਨੂੰ ਕਿਸ ਨੇ ਖੋਹ ਲਿਆ !
ਇਤਿਹਾਸ ਨੇ ਹਉਕਾ ਲਿਆ,
ਸਮਿਆਂ ਨੇ ਤੱਕਿਆ ਸਹਿਮ ਕੇ
ਪੂਰਬ ਦੀ ਕਾਲੀ ਅੱਖ਼ ਵਿਚ,
ਸੂਰਜ ਦਾ ਅੱਥਰੂ ਲਿਸ਼ਕਿਆ।

ਇਕ ਮਨ ਮੇਰੇ ਦਾ ਮਹਿਲ ਸੀ,
ਪੈ ਗਈ ਅਚਾਨਕ ਭਉਜਲੀ
ਇਹ ਗੀਤ ਹੈ ਕੇਹੋ ਜਿਹਾ,
ਜੁ ਸੰਘ ਦੇ ਵਿਚ ਅਟਕਿਆ।




ਅੰਬਰ ਦੀ ਚਾਦਰ ਪਾੜ ਕੇ,
ਕੱਫ਼ਨ ਕੋਈ ਦੇਂਦਾ ਪਿਆ
ਇਹ ਲਾਸ਼ ਕਿਹੜੇ ਫੁੱਲ ਦੀ
ਅਜ ਬਾਗ਼ ਸਾਰਾ ਰੋ ਪਿਆ।

ਹੁਸਨਾਂ ਤੇ ਇਸ਼ਕਾਂ ਵਾਲਿਓ !
ਜਾਵੋ ਲਿਆਵੋ ਮੋੜ ਕੇ
ਮਹਿਬੂਬ ਮੇਰੇ ਦੇਸ ਦਾ,
ਜਿੱਥੇ ਵੀ ਕਿਧਰੇ ਤੁਰ ਗਿਆ...
27 ਮਈ 1964

# ਸੱਚ ਦੀ ਧੂਣੀ

ਅੱਜ ਮੈਂ ਆਪਣੇ ਵੇਹੜੇ ਦੇ ਵਿਚ,
ਸੱਚ ਦੀ ਧੂਣੀ ਬਾਲੀ
ਇਸ ਧੂਣੀ ਦੀਆਂ ਲਾਟਾਂ, ਜੀਕਣ
ਦਿਹੁੰ ਚੜ੍ਹਦੇ ਦੀ ਲਾਲੀ...
ਸੱਤ ਸਲਾਮਾਂ ਉਸ ਨੂੰ,
ਜਿਹੜਾ ਅੱਗ ਦਾ ਬੀਜ ਲਿਆਇਆ
ਸੱਤ ਸਲਾਮਾਂ ਉਸ ਨੂੰ,
ਜਿਸ ਨੇ ਅੱਗ ਨੂੰ ਖੇਤ ਬਿਜਾਇਆ
ਸੱਤ ਸਲਾਮਾਂ ਉਸ ਨੂੰ,
ਜਿਸ ਨੇ ਅੱਗ ਦੀ ਝੋਲੀ ਪਾਇਆ
ਸੱਤ ਸਲਾਮਾਂ ਉਸ ਨੂੰ,
ਜਿਸ ਨੇ ਅੱਗ ਦਾ ਫੁੱਲ ਵਰਤਾਇਆ
ਇਨਕਲਾਬ ਦੀ ਅੱਗ ਸੀ ਸਾਡੀ,
ਸੂਹੇ ਸਗਣਾਂ ਵਾਲੀ—
ਮੈਂ ਸੱਚ ਦੀ ਧੂਣੀ ਬਾਲੀ...



ਇਕ ਸਦੀ ਮੇਰੀ ਧੂੰਆਂ ਧੂੰਆਂ,
ਲਾਟ ਨਾ ਨਜ਼ਰੀਂ ਆਏ
ਹਰ ਥਾਂ ਗੋਲੀ, ਹਰ ਥਾਂ ਸੂਲੀ,
ਵਾਟ ਨਾ ਨਜ਼ਰੀਂ ਆਏ
ਮੈਂ ਕੁਰਬਾਨ ਉਨ੍ਹਾਂ ਤੋਂ,
ਜਿਨ੍ਹਾਂ, ਜਿੰਦ ਦੇ ਬਾਲਣ ਪਾਏ
ਮੈਂ ਕੁਰਬਾਨ ਉਨ੍ਹਾਂ ਤੋਂ,
ਜਿਨ੍ਹਾਂ, ਅੱਗ ਦੇ ਕਾਜ ਰਚਾਏ
ਅੱਗ ਸੁਤੰਤਰਤਾ ਦੀ ਹੁੰਦੀ,
ਚਾਨਣ ਦੀ ਮਤਵਾਲੀ—
ਮੈਂ ਸੱਚ ਦੀ ਧੂਣੀ ਬਾਲੀ...

ਸੱਚ ਦੀ ਧੂਣੀ ਜੋਗੀ ਬਹਿੰਦੇ,
ਮੱਥੇ ਇਸ਼ਕ ਰਮਾਈ
ਸਾਰੇ ਦੁੱਖ ਤੇ ਸੁਖ ਲੋਕਾਂ ਦੇ,
ਆਪਣੇ ਅੰਗ ਰਚਾਈ
ਰਾਜ ਕਮਾਣਾ, ਜੋਗ ਕਮਾਣਾ,
ਧੂਣੀ ਦੀ ਅਸ਼ਨਾਈ
ਰਾਜ-ਜੋਗ ਦਾ ਬਿਖੜਾ ਪੈਂਡਾ,
ਅੱਗ ਕਰੇ ਰੁਸ਼ਨਾਈ

ਸੱਚ ਦੀ ਧੂਣੀ ਆਸ਼ਕ ਬਹਿੰਦੇ,
ਮੱਥੇ ਚਿਣਗ ਛੁਹਾਈ
ਖ਼ੂਨ ਜਿਗਰ ਦਾ ਰੱਤੀ ਮਹਿੰਦੀ,
ਤਲੀਆਂ ਉਤੇ ਲਾਈ
ਸੀਨੇ ਵਿਚ ਧਰਤੀ ਦਾ ਨੇਹਾ,
ਭੋਗਣ ਪੀੜ ਪਰਾਈ
ਹਰ ਕੁੱਲੀ ਨੂੰ ਦੀਵਾ ਵੰਡੇ,
ਮੱਥੇ ਦੀ ਰੁਸ਼ਨਾਈ
ਦਰਦਾਂ ਦਾ ਰੰਗ ਸੂਹਾ ਕਹਿੰਦੇ,
ਸੂਹੇ ਅੰਗਾਂ ਵਾਲੀ—
ਮੈਂ ਸੱਚ ਦੀ ਧੂਣੀ ਬਾਲੀ...

ਆ ਨੀ ਜਿੰਦੇ ਬਹੁ ਨੀ ਜਿੰਦੇ,
ਸੱਚ ਦੀ ਬੇਲਾ ਆਈ
ਇਸ ਧੂਣੀ ਤੇ ਰੱਖ ਨੀ ਜਿੰਦੇ,
ਜੋ ਜੋ ਕਰੀ ਕਮਾਈ—
ਸੱਚ ਦੀ ਬੇਲਾ ਆਈ...

ਜਿਸ ਧਰਤੀ ਨੇ ਕਰਮ ਕਮਾਇਆ,
ਜਿਸ ਧਰਤੀ ਨੇ ਜਾਇਆ
ਉਸ ਧਰਤੀ ਦੇ ਦੁੱਖ ਦੀ ਗਾਥਾ,
ਕੀਕਣ ਸੁਣੀ ਸੁਣਾਈ ?—
ਸੱਚ ਦੀ ਬੇਲਾ ਆਈ...

ਕੀ ਕੁਝ ਕੌਲ ਅਸਾਂ ਸੀ ਦਿੱਤੇ,
ਕੀ ਕੁਝ ਅਸਾਂ ਨਿਭਾਏ ?
ਕੀ ਕੁਝ ਚਾਹੇ ਧਰਤੀ ਮੇਰੀ,

ਕੀ ਕੁਝ ਕਹੇ ਲੁਕਾਈ ?—
ਸੱਚ ਦੀ ਬੇਲਾ ਆਈ...

ਅੱਗ ਦੀ ਸਾਖੀ ਬੋਲ ਜੁ ਬੋਲੇ,
ਅਮਲ ਕਹੇ ਕੁ ਕੀਤੇ ?
ਲੋਕ ਰਾਜ ਦੀ ਇਸ ਦਰਗਾਹੇ,
ਅਮਲਾਂ ਦੀ ਸੁਣਵਾਈ—
ਸੱਚ ਦੀ ਬੇਲਾ ਆਈ...

ਸੱਚ ਤਾਂ ਏਹੋ, ਤਵਾਰੀਖ਼ ਦੀ,
ਹੰਝ ਨਾ ਸੁੱਕੀ ਹਾਲੀ—
ਮੈਂ ਸੱਚ ਦੀ ਧੂਣੀ ਬਾਲੀ...

ਇਸ ਧੂਣੀ ਨੂੰ ਅੱਗ ਦੀਆਂ ਰੱਖਾਂ...
ਇਸ ਧੂਣੀ ਨੂੰ ਜੱਗ ਦੀਆਂ ਰੱਖਾਂ...
26 ਜਨਵਰੀ



## ਮੈਂ ਜਨਤਾ

ਰਾਣੀਆਂ ਪਟਰਾਣੀਆਂ ਮੈਂ ਰੋਜ਼ ਵੇਖਦੀ
ਹੱਥੀਂ ਸੁਹਾਗ ਦੇ ਕੰਙਣ,
ਪੈਰੀਂ ਕਨੂੰਨ ਦੀ ਝਾਂਜਰ
ਉਨ੍ਹਾਂ ਦੀ ਤਲੀ ਵਾਸਤੇ,
ਮੈਂ ਰੋਜ਼ ਮਹਿੰਦੀ ਘੋਲਦੀ
ਕਦੇ ਕੁਝ ਨਹੀਂ ਬੋਲਦੀ
ਮੈਂ ਸਦਗੁਣੀ, ਜਾਣਦੀ ਹਾਂ—
ਰੀਸ ਕਰਨੀ ਬੜਾ ਔਗੁਣ ਹੈ...

ਸੇਜ ਉਹ ਨਹੀਂ,
ਪਰ ਸੇਜ ਦਾ ਸਵਾਮੀ ਉਹੀ,
ਹਨੇਰੇ ਦੀ ਸੇਜ ਭੋਗਦੀ,
ਜਾਂ ਸੇਜ ਦਾ ਹਨੇਰਾ ਭੋਗਦੀ
ਕੁੱਖ ਮੇਰੀ ਬਾਲ ਜੰਮਦੀ ਹੈ,
ਵਾਰਿਸ ਨਹੀਂ ਜੰਮਦੀ...



ਬਾਲ ਮੇਰੇ ਬੜੇ ਬੀਬੇ
ਸਦਗੁਣੇ, ਜਾਣਦੇ ਨੇ—
ਹੱਕ ਮੰਗਣਾ ਬੜਾ ਔਗੁਣ ਹੈ...
ਬਾਲ ਮੇਰੇ, ਚੁੱਪ ਕੀਤੇ
ਜਵਾਨੀ ਕੱਟ ਲੈਂਦੇ ਨੇ
ਤੇ ਸੇਵਾ ਲਾਂਭ ਲੈਂਦੇ ਨੇ,
ਕਿਸੇ ਨਾ ਕਿਸੇ ਦੇਸ ਰਤਨ ਦੀ...

ਮੈਂ—ਜਨਤਾ, ਚੁੱਪ ਕੀਤੀ
ਬੁਢੇਪਾ ਕੱਟ ਲੈਂਦੀ ਹਾਂ
ਅੱਖ ਦਾ ਇਸ਼ਾਰਾ ਸਮਝਦੀ,
ਇਕ ਚੰਗੀ ਰਖੇਲ ਆਪਣੇ ਵਤਨ ਦੀ...

# ਅਹਿਦਨਾਮਾ

ਅਮਨ ਦਾ ਇਹ ਅਹਿਦਨਾਮਾ
ਆਓ ਦੁਨੀਆਂ ਵਾਲਿਓ ਦਸਖ਼ਤ ਕਰੋ !

ਕਾਗਜ਼ ਹੈ ਇਹ ਤਕਦੀਰ ਦਾ,
ਤੇ ਕਲਮ ਹੈ ਤਦਬੀਰ ਦੀ
ਅਜ ਕਲਮ ਦੇ ਵਿਚ ਅਮਲ ਦੀ
ਸਿਆਹੀ ਭਰੋ ! ਦਸਖ਼ਤ ਕਰੋ !

ਨਫ਼ਰਤ ਦੀ ਕਾਲੀ ਰਾਤ ਹੈ,
ਨਫ਼ਰਤ ਦੀ ਕਾਲੀ ਬਾਤ ਹੈ
ਠੋਕਰ ਨਾ ਲੱਗੇ ਇਲਮ ਨੂੰ,
ਠੋਕਰ ਨਾ ਲੱਗੇ ਕਲਮ ਨੂੰ
ਦਿਲ ਦਾ ਚਿਰਾਗ਼ ਬਾਲ ਕੇ
ਸਾਂਹਵੇਂ ਧਰੋ ! ਦਸਖ਼ਤ ਕਰੋ !



ਆਵੇ ਕਿ ਜਿੰਦਾਂ ਮਹਿੰਗੀਆਂ,
ਆਵੇ ਕਿ ਮੌਤਾਂ ਸਸਤੀਆਂ
ਓਏ ਹੁਸਨ ਦੇ ਵਣਜਾਰਿਓ,
ਓਏ ਹੁਨਰ ਦੇ ਵਣਜਾਰਿਓ
ਅਜ ਆਪਣੇ ਆਪਣੇ ਇਸ਼ਕ ਨੂੰ
ਜ਼ਾਮਨ ਧਰੋ ! ਦਸਖ਼ਤ ਕਰੋ !

ਬਰਕਤ ਤੇਰੀ ਆਵਾਜ਼ ਦੀ,
ਬਰਕਤ ਮੇਰੀ ਆਵਾਜ਼ ਦੀ
ਤੇ ਬੂੰਦ ਬੂੰਦ ਜੋੜ ਕੇ
ਸਾਗਰ ਭਰੋ ! ਦਸਖ਼ਤ ਕਰੋ !

ਦੀਨਾਂ ਈਮਾਨਾਂ ਵਾਲਿਓ ਦਸਖ਼ਤ ਕਰੋ !
ਦੋਹਾਂ ਜਹਾਨਾਂ ਵਾਲਿਓ ਦਸਖ਼ਤ ਕਰੋ !
ਨੇਮਾਂ ਤੇ ਧਰਮਾਂ ਵਾਲਿਓ ਦਸਖ਼ਤ ਕਰੋ !
ਵੇ ਆਓ ਕਰਮਾਂ ਵਾਲਿਓ ਦਸਖ਼ਤ ਕਰੋ !

# ਇਕ ਖ਼ਤ

ਚੰਨ ਸੂਰਜ ਦੋ ਦਵਾਤਾਂ
ਕਲਮ ਨੇ ਡੋਬਾ ਲਿਆ
ਲਿਖ ਤੁਮ ਤਮਾਮ ਧਰਤੀ,
ਪੜ੍ਹ ਤੁਮ ਤਮਾਮ ਲੋਕ...

ਹੁਕਮਰਾਨੋ ਦੋਸਤੋ !
ਗੋਲੀਆਂ ਬੰਦੂਕਾਂ ਤੇ ਐਟਮ
ਚਲਾਣ ਤੋਂ ਪਹਿਲਾਂ,
ਇਹ ਖ਼ਤ ਪੜ੍ਹ ਲਵੋ !
ਸਾਇੰਸਦਾਨੋ ਦੋਸਤੋ !
ਗੋਲੀਆਂ ਬੰਦੂਕਾਂ ਤੇ ਐਟਮ
ਬਨਾਣ ਤੋਂ ਪਹਿਲਾਂ
ਇਹ ਖ਼ਤ ਪੜ੍ਹ ਲਵੋ !

ਸਿਤਾਰਿਆਂ ਦੇ ਹਰਫ਼,
ਤੇ ਕਿਰਨਾਂ ਦੀ ਬੋਲੀ
ਜੇ ਪੜ੍ਹਣੀ ਨਹੀਂ ਔਂਦੀ
ਕਿਸੇ ਆਸ਼ਕ ਅਦੀਬ ਤੋਂ ਪੜ੍ਹਵਾ ਲਵੋ !
ਆਪਣੇ ਕਿਸੇ ਮਹਿਬੂਬ ਤੋਂ ਪੜ੍ਹਵਾ ਲਵੋ !

ਤੇ ਹਰ ਇਕ ਮਾਂ ਦੀ ਇਹ ਮਾਤ ਬੋਲੀ ਹੈ
ਅਜ ਬੈਠ ਜਾਵੋ—ਕਿਸੇ ਵੀ ਥਾਂ ਤੇ,
ਤੇ ਖ਼ਤ ਪੜ੍ਹਵਾ ਲਵੋ ਕਿਸੇ ਵੀ ਮਾਂ ਤੋਂ...

ਚੰਨ ਸੂਰਜ ਦੋ ਦਵਾਤਾਂ,
ਕਲਮ ਦਾ ਡੋਬਾ ਲਵੋ !

ਏਸ ਖ਼ਤ ਦੀ ਪਹੁੰਚ ਦੇਵੋ !
ਤੇ ਦੁਨੀਆਂ ਦੀ ਸੁੱਖ ਸਾਂਦ ਦੇ
ਦੋ ਅੱਖਰ ਵੀ ਪਾ ਦਿਉ !

ਤੁਹਾਡੀ ਆਪਣੀ ਧਰਤੀ—
ਤੁਹਾਡਾ ਖ਼ਤ ਉਡੀਕਦੀ...



## ਨੀ ਮਾਏ...

ਨੀ ਮਾਏ ! ਦੱਸ ਕਿਹੜੀਆਂ ਰੁੱਤਾਂ ਆਈਆਂ,
ਮੇਰੇ ਮੱਥੇ ਵਿਚ ਫੁੱਲ ਖਿੜਿਆ
ਮੇਰੇ ਤਨ ਦੀ ਤੇ ਮਨ ਦੀ ਮਿੱਟੀ,
ਗੁਲਾਬੀ ਜਿਹਾ ਰੰਗ ਚੜ੍ਹਿਆ...

ਅਜ ਖੜੀ ਹਾਂ ਦਲ੍ਹੀਜਾਂ ਉਤੇ,
ਨੀ ਮੈਂ ਜਾਗਦੀ ਤੇ ਨੈਨ ਮੇਰੇ ਸੁੱਤੇ
ਕਿਹਨੂੰ ਭਰ ਕੇ ਕਟੋਰਾ ਦੇਵਾਂ,
ਕਿ ਧੁੱਪਾਂ ਵਾਲਾ ਦੁੱਧ ਕੜ੍ਹਿਆ...

ਮੇਰਾ ਤਨ ਖਰ੍ਹਵਾ ਮਨ ਕੂਲਾ,
ਨੀ ਮੈਨੂੰ ਰੰਗ ਦੇ ਬਸੰਤੀ ਚੋਲਾ
ਅਸਾਂ ਚੇਤਰ ਮਾਹ ਦਾ ਲਿਖਿਆ,
ਸੁਨਹਿਰੀ ਜਿਹਾ ਖ਼ਤ ਪੜ੍ਹਿਆ...

ਕਿਤੋਂ ਝਾਂਜਰਾਂ ਦੀ ਵਾਜ ਪਈ ਆਵੇ,
ਨੀ ਮੇਰਾ ਪੈਰ ਠੁਮਕਦਾ ਜਾਵੇ
ਮੇਰਾ ਸੁਪਨਾ ਬੋਲੀਆਂ ਪਾਵੇ,
ਕਿ ਗਿੱਧਾ ਮੇਰੇ ਪਿੰਡ ਵੜਿਆ...
ਦੱਸ ਕਿਹੜੀਆਂ ਰੁੱਤਾਂ ਆਈਆਂ,
ਮੇਰੇ ਮੱਥੇ ਵਿਚ ਫੁੱਲ ਖਿੜਿਆ...

ਆਖਾਂ ਤੇ ਆਖਾਂ ਮੈਂ ਕਿਸ ਨੂੰ ਆਖਾਂ,
ਜਾਵਾਂ ਤੇ ਜਾਵਾਂ ਮੈਂ ਕੈ ਦਰ ਜਾਵਾਂ
ਦੇਸ ਤਾਂ ਮੇਰਾ ਸੱਜਣ ਸੁਣੀਂਦਾ,
ਮੈਂ ਸੱਜਣਾਂ ਨੂੰ ਆਖ ਸੁਣਾਵਾਂ

ਸੱਜਣਾ ਜੀ ! ਪਾਇਆ ਰੁੱਤਾਂ ਨੇ ਫੇਰਾ,
ਰੰਗਾਂ ਸੁਗੰਧਾਂ ਦਾ ਸੂਤਰ ਬਥੇਰਾ
ਦੇਵੋ ਤਾਂ ਦੇਵੋ ਦਿਲ ਦਾ ਅਟੇਰਣ,
ਲਾਵੋ ਤਾਂ ਲਾਵੋ ਕਿਰਤਾਂ ਦੀ ਖੱਡੀ

ਮੈਂ ਨੰਗੀ ਲੁਕਾਈ—
ਅਜ ਆਖਣ ਆਈ—
ਕਿ ਸੱਜਣਾ ਜੀ ! ਇਕ ਜੋੜਾ ਉਣਾਵੋ,
ਤੇ ਮੇਰੇ ਭਵਿੱਖ ਦੇ ਗਲ ਵਿਚ ਪਾਵੋ !
ਸੱਜਣ ਮੇਰੇ ਵਰਤਮਾਨ ਨੂੰ ਸੁਣ ਲੈ
ਜਿਹਦੇ ਹੱਥ 'ਚ ਭਵਿੱਖ ਫੜਿਆ
ਅਜ ਕਿਹੜੀਆਂ ਰੁੱਤਾਂ ਆਈਆਂ,
ਮੇਰੇ ਮੱਥੇ ਵਿਚ ਫੁੱਲ ਖਿੜਿਆ...



## ਬਰਫ਼ ਲਗਾਤਾਰ ਪੈਂਦੀ ਪਈ

ਬਰਫ਼ ਲਗਾਤਾਰ ਪੈਂਦੀ ਪਈ
ਬਰਫ਼ ਜ਼ਮੀਨ ਤੇ ਵੀ ਪੈਂਦੀ ਹੈ—
ਤੇ ਜ਼ਮੀਰ ਤੇ ਵੀ ਪੈਂਦੀ ਹੈ...

ਜ਼ਮੀਰ ਤੇ ਪੈਂਦੀ
ਤਾਂ ਪੱਥਰ ਦੀ ਤਰ੍ਹਾਂ ਸਖ਼ਤ ਹੁੰਦੀ ਹੈ
ਤੇ ਹਰ ਇਕ ਰਾਹ ਗੁਜ਼ਰ
ਤਿਲਕ ਤਿਲਕ ਜਾਂਦਾ ਹੈ,
ਪਰ ਜ਼ਮੀਰ ਤੇ ਪੈਂਦੀ ਤਾਂ
ਤ੍ਰਭਕਦੀ ਹੈਰਾਨ ਹੁੰਦੀ
ਤੇ ਉਸ ਦਾ ਆਪਣਾ ਬਦਨ
ਪਿਘਲ ਪਿਘਲ ਜਾਂਦਾ ਹੈ...

ਇਕ ਪੋਹ ਸਿਰ ਤੇ ਖੜਾ ਹੈ,
ਇਕ ਮਾਘ ਔਣ ਵਾਲਾ ਹੈ...
ਦੋਸਤੋ ! ਆਓ ! ਕਿ ਕੰਬਦੇ ਹੱਥ ਵਿਚ,
ਇਕ ਜਾਦੂ ਜਗਾ ਦਿਉ !
ਕਿ ਜ਼ਮੀਰ ਦੀ ਇਸ ਅੱਗ ਵਿਚ,
ਕੁਝ ਹੋਰ ਬਾਲਣ ਪਾ ਦਿਉ !

ਦੋਸਤੋ ! ਆਓ ! ਕਿ ਅੱਜ ਆਪਣੀ
ਅੱਗ ਦਾ ਤਕਾਜ਼ਾ ਹੈ
ਤੇ ਠੰਢੀ ਜੰਗ ਵਿਚ ਜੰਮਦੇ ਪਏ
ਇਸ ਜੱਗ ਦਾ ਤਕਾਜ਼ਾ ਹੈ !

ਦੋਸਤੋ ! ਆਓ ! ਕਿ ਸੰਘ ਨੂੰ ਵਲੀਆਂ
ਸੀਖਾਂ ਦਾ ਤਕਾਜ਼ਾ ਹੈ
ਦੋਸਤੋ ! ਆਓ ! ਕਿ ਬਰਫ਼ ਵਿਚ ਜੰਮੀਆਂ
ਚੀਖਾਂ ਦਾ ਤਕਾਜ਼ਾ ਹੈ !

ਇਕ ਪੋਹ ਸਿਰ ਤੇ ਖੜਾ ਹੈ,
ਇਕ ਮਾਘ ਔਣ ਵਾਲਾ ਹੈ...
ਦੋਸਤੋ ! ਆਓ !
ਕਿ ਰਾਹਵਾਂ ਦੀ ਬਰਫ਼ ਗਾਲ ਲਈਏ !
ਆਓ ! ਕਿ ਛਾਤੀ ਦੀ ਅੱਗ ਨੂੰ
ਵੇਹੜੇ 'ਚ ਬਾਲ ਲਈਏ !

ਦੋਸਤੋ ਆਓ !
ਕਿ ਬਰਫ਼ ਲਗਾਤਾਰ ਪੈਂਦੀ ਪਈ...



## ਹਾਦਸਾ

ਅਜ ਸ਼ੈਲਫ਼ ਉੱਤੇ ਜਿੰਨੀਆਂ ਕਿਤਾਬਾਂ ਸਨ
ਤੇ ਜਿੰਨੀਆਂ ਅਖ਼ਬਾਰਾਂ
ਉਹ ਇਕ ਦੂਜੀ ਦੇ ਵਰਕੇ ਪਾੜ ਕੇ, ਜਿਲਦਾਂ ਉਧੇੜ ਕੇ
ਕੁਝ ਇਸ ਤਰ੍ਹਾਂ ਲੜੀਆਂ—
ਕਿ ਮੇਰੀਆਂ ਸੋਚਾਂ ਦੇ ਸ਼ੀਸ਼ੇ
ਕਾੜ ਕਾੜ ਟੁੱਟਦੇ ਰਹੇ...

ਮੁਲਕਾਂ ਦੇ ਨਕਸ਼ੇ,
ਤੇ ਸਾਰੀਆਂ ਹੱਦਾਂ ਸਰਹੱਦਾਂ
ਇਕ ਦੂਜੇ ਨੂੰ ਬਾਹੋਂ ਤੇ ਲੱਤੋਂ
ਧਰੀਕ ਕੇ ਸੁੱਟਦੇ ਰਹੇ

ਤੇ ਦੁਨੀਆਂ ਦੇ ਜਿੰਨੇ ਵੀ ਵਾਦ ਸਨ
ਇਕਤਾਦ ਸਨ
ਉਹ ਸਾਰੇ ਦੇ ਸਾਰੇ
ਇਕ ਦੂਜੇ ਦਾ ਸੰਘ ਘੁੱਟਦੇ ਰਹੇ...

ਘਮਸਾਨ ਦੀ ਲੜਾਈ
ਅੰਤਾਂ ਦਾ ਲਹੂ ਡੁੱਲ੍ਹਿਆ
ਪਰ ਕਿੱਡੀ ਅਸਚਰਜ ਘਟਨਾ
ਕਿ ਕੁਝ ਕਿਤਾਬਾਂ, ਅਖ਼ਬਾਰਾਂ,
ਵਾਦ, ਤੇ ਨਕਸ਼ੇ ਸੀ
ਕਿ ਜਿਨ੍ਹਾਂ ਦੇ ਜਿਸਮ ਵਿਚੋਂ —
ਸੁਰਖ਼ ਲਹੂ ਦੀ ਥਾਵੇਂ
ਇਕ ਕਾਲਾ ਜ਼ਹਿਰ ਵਗਦਾ ਰਿਹਾ...




# ਮੋਮਬੱਤੀ

ਮੈਂ ਇਕ ਗਿਰਜੇ ਦੀ ਮੋਮਬੱਤੀ...

ਰੋਜ਼ ਛਾਤੀ ਦੀ ਅੱਗ ਨੂੰ ਪੈਰਾਂ 'ਚ ਬਾਲ ਕੇ
ਮੈਂ ਗਿਰਜੇ ਤੋਂ ਬਾਹਰ ਜਾਂਦੀ ਹਾਂ,
ਤੇ ਜਗਦੀਆਂ ਬੁਝਦੀਆਂ ਅੱਖਾਂ 'ਚੋਂ ਗੁਜ਼ਰ ਕੇ,
ਮੈਂ ਅੱਖਰਾਂ ਦੇ ਹੁਸਨ ਤਕ ਪਹੁੰਚ ਜਾਂਦੀ ਹਾਂ...

ਪਰ ਅੱਖਰਾਂ ਦਾ ਹੁਸਨ ਕਾਗ਼ਜ਼ ਦੀ ਅਮਾਨਤ
ਜਦ ਕਿਸੇ ਕਾਗ਼ਜ਼ 'ਚੋਂ ਬਾਹਰ ਔਂਦਾ ਹੈ
ਧਰਤੀ ਦਾ ਬਦਨ ਛੌਂਹਦਾ ਹੈ,
ਤਾਂ ਧਰਤੀ ਦੇ ਲਹੂ ਵਿਚ ਭਿੱਜਦਾ ਹੈ...

ਓ ਮੇਰੇ ਅੱਜ ਦੇ ਮਸੀਹਾ ! ਤੂੰ ਨਹੀਂ ਲਭਦਾ ਕਿਤੇ
ਤਾਂ ਮੈਂ ਟਿਮਟਿਮਾਂਦੀ ਜਹੀ—
ਸਿਰਫ਼ ਗੋਲੀਆਂ ਤੇ ਬੰਦੂਕਾਂ ਦੀ ਆਵਾਜ਼ ਸੁਣਦੀ
ਉਸ ਗਿਰਜੇ ਵਿਚ ਪਰਤ ਔਂਦੀ ਹਾਂ
ਜੋ ਹਾਲੇ ਵੀ ਕਿਸੇ ਦੇਸ ਵਿਚ ਨਹੀਂ ਬਣਿਆ...



## ਅੱਖਰ

ਇਕ ਪੱਥਰਾਂ ਦਾ ਨਗਰ ਸੀ—
ਸੂਰਜ ਵੰਸ਼ ਦੇ ਪੱਥਰ,
ਤੇ ਚੰਦਰ ਵੰਸ਼ ਦੇ ਪੱਥਰ
ਉਸ ਨਗਰ ਵਿਚ ਰਹਿੰਦੇ ਸਨ...
ਤੇ ਕਹਿੰਦੇ ਹਨ—
ਕਿ ਜ਼ੁਲਮੀ ਰਾਜਿਆਂ ਦਾ ਰਾਜ ਸੀ,
ਨਾ ਰਾਜਿਆਂ ਦੇ ਕੰਨ ਸਨ,
ਨਾ ਪਰਜਾ ਦੀ 'ਵਾਜ ਸੀ
ਤੇ ਤਾਹੀਉਂ—ਉਹ ਲੋਕ ਜਦ ਰੋਏ ਸਨ
ਪੱਥਰ ਦੇ ਹੋਏ ਸਨ...


ਪੱਥਰ ਦੇ ਦੇਵਤਾ, ਪੱਥਰ ਦੇ ਪੁਜਾਰੀ
ਵਸਲ ਅੰਗ ਨਾ ਛੋਂਹਦਾ,
ਤੇ ਬਿਰਹਾ ਭੰਗ ਨਾ ਹੁੰਦਾ...
ਤੇ ਪੱਥਰਾਂ ਦੇ ਨਗਰ ਵਿਚ
ਸੂਰਜ ਦਾ ਘੋੜਾ ਹਿਣਕਦਾ
ਪੱਥਰਾਂ ਤੇ ਪੈਰ ਪਟਕਦਾ
ਬਦਲਾਂ ਦੇ ਹਾਥੀ ਚਿੰਘਾੜਦੇ
ਪੱਥਰਾਂ ਨੂੰ ਪੈਰੋਂ ਉਖਾੜਦੇ
ਰਾਤਾਂ ਦਾ ਹਨੇਰਾ ਸ਼ੂਕਦਾ
ਪੱਥਰਾਂ ਤੇ ਕੁੰਡਲੀ ਮਾਰਦਾ
ਤੇ ਉੱਤੋਂ ਹਾਕਮਾਂ ਦੇ ਹੁਕਮ,
ਦਫ਼ਾ ਇਕ ਸੌ ਚੁਤਾਲੀ...
ਤੇ ਪੱਥਰ ਸਹਿਮ ਕੇ ਬਹਿੰਦੇ,
ਜਦ ਦਿਲਾਂ ਦੀ ਗੁੱਠੇ
ਤਾਂ ਛਾਤੀ ਦੇ ਹਰਖ ਵਾਂਗੂੰ,
ਕੋਈ ਪੀਲਾ ਫੁੱਲ ਪੱਤਰ

ਜਾਂ ਸਾਵੇ ਘਾਹ ਦਾ ਤੀਲਾ,
ਇਕ ਪੱਥਰ 'ਚੋਂ ਫੁੱਟੇ
ਜਿਉਂ ਕੰਬ ਕੇ ਇਕ ਰਿਖੀ ਦੀ
ਤਪੱਸਿਆ ਟੁੱਟੇ...

ਜਿੰਦ ਬੁਝਦੀ ਤੇ ਜਗਦੀ ਸੀ
ਤੇ ਇੰਜ—ਪੱਥਰਾਂ ਦੇ ਨਗਰ ਵਿਚ
ਪੱਥਰਾਂ ਦੀ ਵੰਸ਼ ਵਧਦੀ ਸੀ...

... .... .... ....

ਇਕ ਸੀ ਸਿਲਾ, ਤੇ ਇਕ ਸੀ ਪੱਥਰ
ਤੇ ਉਨ੍ਹਾਂ ਦਾ ਉਸ ਨਗਰ ਵਿਚ,
ਸੰਜੋਗ ਲਿਖਿਆ ਸੀ,
ਤੇ ਉਨ੍ਹਾਂ ਨੇ ਰਲ ਕੇ,
ਇਕ ਵਰਜਤ ਫਲ ਚੱਖਿਆ ਸੀ...
ਮੈਂ ਹਾਲੇ ਵੀ ਬੈਠਾ,
ਤਾਂ ਇਕ ਖ਼ਿਆਲ ਔਂਦਾ ਹੈ
ਕਿ ਮੈਂ ਵੀ ਜੇ ਹੁੰਦੀ
ਇਕ ਹਰੀ ਪੱਤੀ
ਉਨ੍ਹਾਂ ਦੇ ਪਿੰਡੇ ਦਾ ਹਉਕਾ—
ਇਕ ਸਾਂਵੀ ਕਰੂੰਬਲ
ਤਾਂ ਉਨ੍ਹਾਂ ਦੀ ਛਾਤੀ ਮੈਨੂੰ ਨਸੀਬ ਹੁੰਦੀ,
ਸੂਰਜ ਦਾ ਘੋੜਾ ਹਿਣਕਦਾ,
ਬੱਦਲਾਂ ਦੇ ਹਾਥੀ ਚਿੰਘਾੜਦੇ
ਤੇ ਰਾਤਾਂ ਦੇ ਸੱਪ,
ਤੇ ਰਾਜਿਆਂ ਦੇ ਹੁਕਮ ਸ਼ੂਕਦੇ
ਪਰ ਉਨ੍ਹਾਂ ਦੇ ਓਹਲੇ,
ਮੈਂ ਨਿੱਸਲ ਬੈਠ ਜਾਂਦੀ,
ਤੇ ਕਿਸੇ—ਮਮਤਾ ਦੀ ਤ੍ਰੇੜ ਵਿਚ
ਲੁਕੀ ਰਹਿੰਦੀ...
ਪਰ ਉਹ ਖ਼ੌਰੇ ਚਕਮਾਕ ਪੱਥਰ ਸਨ
ਜੋ ਮੈਲੇ ਅਸਮਾਨ ਦੇ ਹੇਠਾਂ,
ਤੇ ਮੈਲੀ ਧਰਤ ਦੇ ਉੱਤੇ,
ਇਕ ਪੱਥਰਾਂ ਦੀ ਸੇਜ ਤੇ ਸੁੱਤੇ,



ਤੇ ਪੱਥਰਾਂ ਦੀ ਰਗੜ ਵਿਚੋਂ–
ਮੈਂ ਅੱਗ ਵਾਂਗ ਜੰਮੀ–ਅੱਗ ਦੀ ਰੁੱਤੇ...

... ... ... ...
ਪਿੰਡੇ 'ਚੋਂ ਅੱਗ ਜੰਮੀ
ਤਾਂ ਪੱਥਰ ਵੀ ਕੰਬਿਆ,
ਤੇ ਸਿਲਾ ਵੀ ਕੰਬੀ !
ਫੇਰ ਪਿੰਡੇ ਦੀ ਅੱਗ,
ਉਨ੍ਹਾਂ ਝੋਲੀ ਵਿਚ ਪਾਈ
ਤੇ ਧੂੰਏਂ ਦੀ ਗੁੜ੍ਹਤੀ;
ਅੱਗ ਨੂੰ ਚਟਾਈ,
ਹੱਸੇ ਤਾਂ ਹੱਸੇ,
ਇਕ ਪੌਣਾਂ ਦੀ ਦਾਈ
ਰੋਵੇ ਤਾਂ ਰੋਵੇ, ਜਿਨ੍ਹੇ ਕੁੱਖ ਵਿਚੋਂ ਜਾਈ :
"ਪੱਥਰਾਂ ਦੀ ਝੋਲੀ ਅੱਗ ਨਾ ਖੇਡੇ
ਪੱਥਰਾਂ ਦੇ ਦੁੱਖ ਹੁੰਦੇ ਪੱਥਰਾਂ ਜੇਡੇ
ਪੱਥਰਾਂ ਦੀ ਜੀਭੇ ਪੱਥਰਾਂ ਦੇ ਛਾਲੇ
ਅਸੀਂ ਧਰਤੀ ਦੇ ਹਵਾਲੇ,
ਤੂੰ ਪੌਣਾਂ ਦੇ ਹਵਾਲੇ..."

ਫੇਰ ਸੁੰਨ ਦਾ ਆਲਮ,
ਤੇ ਉਨ੍ਹਾਂ ਕੁਝ ਨਾ ਆਖਿਆ
ਅੱਖੀਆਂ ਮੀਟਣ ਤੋਂ ਪਹਿਲਾਂ
ਸ਼ਾਇਦ ਇਹ ਵੀ ਨਾ ਵੇਖਿਆ
ਕਿ ਇੱਕ ਜੰਮਦੀ ਅੱਗ ਨੇ
ਇਕ ਲੰਬ ਦਾ ਹਉਕਾ ਲਿਆ...

... ... ... ...
ਅੱਗ ਦੇ ਹੋਠਾਂ ਤੇ ਲਿਖਿਆ,
ਇਕ ਲੰਬਾ ਜਿਹਾ ਹਉਕਾ
ਤੇ ਅੱਗ ਦੇ ਹੱਡਾਂ 'ਚ ਹੁੰਦਾ,
ਇਕ ਧੂੰਆਂ ਹੀ ਧੂੰਆਂ

ਇਹ ਵਗਦੀਆਂ ਪੌਣਾਂ,
ਮੈਨੂੰ ਜਿੱਥੇ ਵੀ ਖੜ੍ਹਦੀਆਂ,
ਤੱਤੀਆਂ ਸੁਆਹਵਾਂ,

ਮੇਰੇ ਪਿੰਡੇ ਤੋਂ ਝੜਦੀਆਂ...
ਤੇ ਰੋਜ਼ ਮੇਰੀ ਉਮਰ ਦਾ,
ਜਿਹੜਾ ਵੀ ਦਿਹੁੰ ਚੜ੍ਹਦਾ
ਮੈਂ ਉਸ ਨੂੰ ਅੰਗ ਲਾਂਦੀ,
ਤਾਂ ਉਹੀਉ ਰਾਖ ਹੁੰਦਾ।
ਮੈਂ ਸੋਚਦੀ—ਕੀ ਧੂੰਏਂ ਦੀ ਲੀਕ ਵਾਂਗੂੰ
ਮੱਥੇ ਦੀ ਲੀਕ ਕੰਬਦੀ ਹੈ ?
ਕੀ ਮਾਵਾਂ ਦੀ ਕੁੱਖ ਵਿਚੋਂ
ਸਿਵਿਆਂ ਦੀ ਅੱਗ ਜੰਮਦੀ ਹੈ ?

... ... ... ...
ਮੈਂ ਸਿਵਿਆਂ ਦੀ ਅੱਗ ਵਿਚ ਜਲਦੀ
ਤੇ ਸਿਵਿਆਂ ਦੀ ਅੱਗ ਵਾਂਗ ਬਲਦੀ...
ਕਦੇ—ਨੀਂਦਰ ਦਾ ਹਨੇਰਾ
ਇਸ ਤਰ੍ਹਾਂ ਹੁੰਦਾ
ਕਿ ਸੁਪਨਿਆਂ ਦੀ ਨੀਲੀ
ਇਕ ਲਾਟ ਜਿਹੀ ਨਿਕਲਦੀ
ਤੇ ਜਾਪਦਾ—ਕਿ ਸਿਵਿਆਂ ਦੀ ਅੱਗ
ਅੱਗ ਦਾ ਅਪਮਾਨ ਹੈ
ਤੇ ਕਿਸੇ ਸੋਹਣੀ ਜਾਂ ਸੱਸੀ,
ਜਾਂ ਹੀਰ ਵਿਚ ਜੋ ਅੱਗ ਸੀ
ਮੈਨੂੰ ਓਸ ਦੀ ਪਹਿਚਾਣ ਹੈ...
ਤੇ ਇਕ ਸੋਚ ਜਿਹੀ ਅਉਂਦੀ
ਕਿ ਸਿਰਫ਼ ਮੜ੍ਹੀਆਂ ਦੀ ਅੱਗ,
ਅੱਗ ਨਹੀਂ ਹੁੰਦੀ
ਇਹ ਅੱਗ ਦੀ ਤੌਹੀਨ ਹੈ,
ਤੇ ਜਾਪਦਾ—
ਕਿ ਪੱਥਰਾਂ ਦੇ ਨਗਰ ਵਿਚ
ਜੋ ਵਾਰਿਸ ਨੇ ਅੱਗ ਬਾਲੀ ਸੀ
ਇਹ ਮੇਰੀ ਅੱਗ ਵੀ, ਓਸੇ ਦੀ ਜਾ-ਨਸ਼ੀਨ ਹੈ
ਅੱਗ ਅੱਗ ਦੀ ਵਾਰਿਸ...



ਪਰ ਪੱਥਰਾਂ ਦੀ ਨਗਰੀ
ਕੋਈ ਅੱਗ ਨਾ ਪਾਲੇ
ਛਾਤੀਆਂ ਦੇ ਚੁੱਲ੍ਹੇ
ਕੋਈ ਅੱਗ ਨਾ ਬਾਲੇ

ਮੱਖਿਆਂ ਦੀ ਭੱਠੀ
ਕੋਈ ਅੱਗ ਨਾ ਸੇਕੇ
ਤੇ ਮੇਰੀ ਜੀਭ ਤੇ ਉੱਠੇ
ਉਸ ਅੱਗ ਦੇ ਛਾਲੇ...
... ... ... ...
ਉਹ ਪੱਥਰਾਂ ਦੇ ਨਗਰ ਵਾਲੇ—
ਆਂਹਦੇ ਤੇ ਆਂਹਦੇ,
ਇਸ ਅੱਗ ਨੂੰ ਬੁਝਾਵੋ
ਪਾਵੋ ਤੇ ਪਾਵੋ
ਕਿਸੇ ਭੋਰੇ ਵਿਚ ਪਾਵੋ
ਦੇਵੋ ਤੇ ਦੇਵੋ
ਨਹੁੰ ਸੰਘੀ ਵਿਚ ਦੇਵੋ
ਜਾਵੋ ਤੇ ਜਾਵੋ
ਇਹਨੂੰ ਨਦੀਏ ਰੁੜ੍ਹਾਵੋ...
... ... ... ...
ਇਕ ਪੱਥਰਾਂ ਦਾ ਨਗਰ ਸੀ,
ਪੱਥਰਾਂ ਦੇ ਕੰਢੇ,
ਤੇ ਮਾਂ-ਵਾਹਰੀ ਅੱਗ ਦਾ
ਕੋਈ ਸੇਕ ਨਾ ਵੰਡੇ...
... ... ... ...
ਫੇਰ ਉਹੀਉ ਹਵਾ—
ਜਿਹਨੇ ਝੋਲੀ 'ਚ ਖਿਡਾਇਆ
ਤੇ ਜਿਹਨੇ ਮੇਰੀ ਮਾਂ ਦੀ—
ਮਾਂ ਦੀ, ਮਾਂ ਨੂੰ ਜਾਇਆ
ਕਿਤੋਂ ਦੌੜ ਕੇ ਆਈ
ਤੇ ਹੱਥਾਂ ਦੇ ਵਿਚ ਕੁਝ ਅੱਖਰ ਲਿਆਈ :



"ਇਹ ਨਿੱਕੀਆਂ ਕਾਲੀਆਂ, ਲੀਕਾਂ ਨਾ ਜਾਣੀਂ,
ਇਹ ਲੀਕਾਂ ਦੇ ਗੁੱਛੇ ਤੇਰੀ ਅੱਗ ਦੇ ਹਾਣੀ
ਵੇਖ ! ਅੱਖਰਾਂ ਦਾ ਹੁੰਦਾ ਅੱਗ ਦਾ ਜੇਰਾ
ਅੱਗ ਦਾ ਜੇਰਾ—ਅੱਗ ਤੋਂ ਵਡੇਰਾ"

ਤੇ ਇਸ ਤਰ੍ਹਾਂ ਕਹਿੰਦੀ
ਉਹ ਲੰਘ ਗਈ ਅੱਗੇ :
"ਤੇਰੀ ਅੱਗ ਦੀ ਉਮਰਾ—ਇਨ੍ਹਾਂ ਅੱਖਰਾਂ ਨੂੰ ਲੱਗੇ ।"

## ਅਸ਼੍ਵਮੇਧ ਯੱਗ


ਇਕ ਚੇਤਰ ਦੀ ਪੁੰਨਿਆਂ ਸੀ
ਕਿ ਚਿੱਟਾ ਦੁੱਧ ਮੇਰੇ ਇਸ਼ਕ ਦਾ ਘੋੜਾ
ਦੇਸਾਂ ਤੇ ਬਦੇਸਾਂ ਨੂੰ ਗਾਹਣ ਤੁਰਿਆ...

ਸਾਰਾ ਸਰੀਰ ਸੱਚ ਵਾਂਗ ਚਿੱਟਾ
ਤੇ ਸਉਲੇ ਕੰਨ ਬਿਰਹਾ ਰੰਗ ਦੇ...

ਸੋਨੇ ਦਾ ਇਕ ਪੱਤਰਾ ਉਹਦੇ ਮੱਥੇ ਦੇ ਉੱਤੇ
"ਇਹ ਦਿਗ ਵਿਜੇ ਦਾ ਘੋੜਾ
ਕੋਈ ਬਲਵਾਨ ਹੈ ਤਾਂ ਇਸਨੂੰ ਫੜੇ ਤੇ ਜਿੱਤੇ"

ਤੇ ਜੀਕਣ ਇਸ ਯੱਗ ਦਾ ਇਕ ਨੇਮ ਹੈ—
ਇਹ ਜਿੱਥੇ ਵੀ ਖਲੋਤਾ ਮੈਂ ਗੀਤ ਦਾਨ ਕੀਤੇ
ਤੇ ਕਈ ਥਾਵੇਂ ਮੈਂ ਹਵਨ ਤਾਰਿਆ
ਸੋ ਜਿਸ ਨੇ ਵੀ ਜਿੱਤਣਾ ਚਾਹਿਆ, ਉਹ ਹਾਰਿਆ...

ਅਜ ਉਮਰ ਵਾਲੀ ਅਉਧ ਮੁੱਕੀ ਹੈ
ਤੇ ਇਹ ਸਲਾਮਤ ਮੇਰੇ ਕੋਲ ਮੁੜਿਆ ਹੈ
ਪਰ ਕਹੀ ਅਣਹੋਣੀ
ਕਿ ਪੁੰਨ ਦੀ ਇੱਛਾ ਨਹੀਂ, ਨਾ ਫਲ ਦੀ ਲਾਲਸਾ ਬਾਕੀ
ਇਹ ਚਿੱਟਾ ਦੁੱਧ ਮੇਰੇ ਇਸ਼ਕ ਦਾ ਘੋੜਾ
ਮਾਰਣ ਨਹੀਂ ਹੁੰਦਾ...ਮਾਰਣ ਨਹੀਂ ਹੁੰਦਾ...




ਬਸ ਏਹੀਓ ਸਲਾਮਤ ਰਹੇ ! ਪੂਰਾ ਰਹੇ
ਮੇਰਾ ਅਸ਼੍ਵਮੇਧ ਯੱਗ ਅਧੂਰਾ ਹੈ ਤਾਂ ਅਧੂਰਾ ਰਹੇ !

# ਓ ਮੇਰੇ ਦੋਸਤ ! ਮੇਰੇ ਅਜਨਬੀ !

ਇਕ ਵਾਰ ਅਚਾਨਕ ਤੂੰ ਆਇਆ—
ਤਾਂ ਵਕਤ, ਅਸਲੋਂ ਹੈਰਾਨ
ਮੇਰੇ ਕਮਰੇ 'ਚ ਖਲੋਤਾ ਰਹਿ ਗਿਆ...
ਤਰਕਾਲਾਂ ਦਾ ਸੂਰਜ ਲਹਿਣ ਵਾਲਾ ਸੀ
ਪਰ ਲਹਿ ਨਾ ਸਕਿਆ
ਤੇ ਘੜੀ ਕੁ ਉਸ ਨੇ
ਡੁੱਬਣ ਦੀ ਕਿਸਮਤ ਵਿਸਾਰ ਦਿੱਤੀ,
ਫਿਰ ਅਜ਼ਲਾਂ ਦੇ ਨੇਮ ਨੇ ਇਕ ਦੁਹਾਈ ਦਿੱਤੀ
ਤੇ ਵਕਤ ਨੇ—ਬੀਤੇ-ਖਲੋਤੇ ਛਿਣਾਂ ਨੂੰ ਤੱਕਿਆ
ਤੇ ਘਾਬਰ ਕੇ ਬਾਰੀ 'ਚੋਂ ਛਾਲ ਮਾਰ ਦਿੱਤੀ...

ਉਹ ਬੀਤੇ-ਖਲੋਤੇ ਛਿਣਾਂ ਦੀ ਘਟਨਾ
ਹੁਣ ਤੈਨੂੰ ਵੀ ਬੜੀ ਅਸਚਰਜ ਲਗਦੀ ਹੈ
ਤੇ ਮੈਨੂੰ ਵੀ ਬੜੀ ਅਸਚਰਜ ਲਗਦੀ ਹੈ
ਤੇ ਸ਼ਾਇਦ ਵਕਤ ਨੂੰ ਵੀ
ਫੇਰ ਉਹ ਗ਼ਲਤੀ ਗਵਾਰਾ ਨਹੀਂ—

ਹੁਣ ਸੂਰਜ ਰੋਜ਼ ਵੇਲੇ ਸਿਰ ਡੁੱਬ ਜਾਂਦਾ ਹੈ,
ਤੇ ਹਨੇਰਾ ਰੋਜ਼ ਮੇਰੀ ਛਾਤੀ ਵਿਚ ਖੁੱਭ ਜਾਂਦਾ ਹੈ,




ਪਰ ਬੀਤੇ-ਖਲੋਤੇ ਛਿਣਾਂ ਦਾ ਇਕ ਸੱਚ ਹੈ
ਹੁਣ ਤੂੰ ਤੇ ਮੈਂ, ਮੰਨਣਾ ਚਾਹੀਏ ਜਾਂ ਨਾ
ਇਹ ਵੱਖਰੀ ਗੱਲ ਹੈ,
ਪਰ ਉਸ ਦਿਨ ਵਕਤ ਨੇ
ਜਦ ਬਾਰੀ 'ਚੋਂ ਛਾਲ ਮਾਰੀ ਸੀ
ਤੇ ਉਸ ਦੇ ਗੋਡਿਆਂ ਵਿਚੋਂ
ਜੋ ਲਹੂ ਸਿੰਮਿਆ ਸੀ
ਉਹ ਲਹੂ
ਮੇਰੀ ਬਾਰੀ ਦੇ ਥੱਲੇ ਅਜੇ ਤਕ ਜੰਮਿਆ ਹੋਇਐ...

## ਖ਼ਾਲੀ ਜਗਹ

ਸਿਰਫ਼ ਦੋ ਰਜਵਾੜੇ ਸਨ—
ਇਕ ਨੇ ਮੈਨੂੰ ਤੇ ਉਹਨੂੰ
ਬੇਦਖ਼ਲ ਕੀਤਾ ਸੀ
ਤੇ ਦੂਜੇ ਨੂੰ ਅਸਾਂ ਦੋਹਾਂ ਨੇ
ਤਿਆਗ ਦਿੱਤਾ ਸੀ...

ਤੇ ਨੰਗੇ ਅਸਮਾਨ ਦੇ ਹੇਠਾਂ—
ਮੈਂ ਕਿੰਨਾ ਹੀ ਚਿਰ
ਪਿੰਡੇ ਦੇ ਮੀਂਹ ਵਿਚ ਭਿਜਦੀ ਰਹੀ
ਉਹ ਕਿੰਨਾ ਹੀ ਚਿਰ
ਪਿੰਡੇ ਦੇ ਮੀਂਹ ਵਿਚ ਗਲਦਾ ਰਿਹਾ...


ਫੇਰ ਵਰ੍ਹਿਆਂ ਦੇ ਮੋਹ ਨੂੰ
ਇਕ ਜ਼ਹਿਰ ਵਾਂਗ ਪੀ ਕੇ
ਉਹਦੇ ਕੰਬਦੇ ਹੱਥ ਨੇ
ਮੇਰਾ ਹੱਥ ਫੜਿਆ
'ਚੱਲ ! ਛਿਣਾਂ ਦੇ ਸਿਰ ਤੇ
ਇਕ ਛੱਤ ਪਾਈਏ !
ਵੇਖ ! ਅਹੁ—ਸਾਹਮਣੇ, ਪਰ੍ਹਾਂ, ਉੱਧਰ—
ਸੱਚ ਅਤੇ ਝੂਠ ਦੇ ਵਿਚਕਾਰ
ਕੁਝ ਜਗਹ ਖ਼ਾਲੀ ਹੈ...



## ਨਾਗ ਪੰਚਮੀ

ਦੇਹ ਮੇਰੀ ਪੁਰਾਣਾ ਰੁੱਖ ਹੈ...
ਤੇ ਇਸ਼ਕ ਤੇਰਾ ਨਾਗਵੰਸ਼ੀ–
ਉਮਰਾਂ ਤੋਂ ਮੇਰੇ ਰੁੱਖ ਦੀ ਇਕ ਖੋੜ ਵਿਚ ਰਹਿੰਦਾ ਹੈ...

ਨਾਗਾਂ ਦਾ ਵਾਸ ਹੀ ਰੁੱਖਾਂ ਦਾ ਸੱਚ ਹੈ
ਨਹੀਂ ਤਾਂ ਇਹ ਟਾਹਣੀਆਂ ਦੇ ਬੂਰ ਪੱਤੇ–
ਦੇਹ ਦਾ ਖਲਜਗਨ ਹੁੰਦਾ ਹੈ...



ਉਂਜ ਖਲਜਗਨ ਵੀ ਪਿਆਰਾ–
ਜੇ ਪੀਲੇ ਦਿਹੁੰ ਝੜਦੇ ਨੇ,
ਤਾਂ ਹਰੇ ਸਾਵੇਂ ਦਿਹੁੰ ਉਗਦੇ ਨੇ,
ਤੇ ਛਾਤੀ ਦਾ ਹਨੇਰਾ ਜੋ ਬਹੁਤ ਗਾੜ੍ਹਾ ਹੈ
ਉਥੇ ਵੀ ਕਈ ਵਾਰੀ ਫੁੱਲ ਜਗਦੇ ਨੇ...

ਤੇ ਰੁੱਖ ਦੀ ਇਕ ਟਾਹਣ ਉੱਤੇ–
ਜੋ ਬਾਲਾਂ ਨੇ ਪੀਂਘ ਪਾਈ ਹੈ
ਉਹ ਵੀ ਤਾਂ ਦੇਹ ਦੀ ਰੌਣਕ...

ਵੇਖ ! ਇਸ ਮਿੱਟੀ ਦੀ ਬਰਕਤ
ਮੈਂ ਰੁੱਖ ਦੀ ਜੂਨੇ ਅੱਗੇ ਤੋਂ ਸਵਾਈ ਹਾਂ
ਪਰ ਦੇਹ ਦੇ ਖਲਜਗਨ ਵਿਚੋਂ–
ਮੈਂ ਘੜੀ ਵੇਹਲ ਕੱਢੀ ਹੈ
ਤੇ ਦੁੱਧ ਦੀ ਕੌਲੀ ਚੁਰਾ ਕੇ–
ਤੇਰੀ ਦੇਹ ਪੂਜਣ ਆਈ ਹਾਂ...

ਇਹ ਤੇਰੇ ਤੇ ਮੇਰੇ ਪਿੰਡੇ ਦਾ ਪੁੰਨ ਹੈ
ਰੁੱਖਾਂ ਨੂੰ ਲੱਗੀ ਖੋੜਾਂ ਦੀ ਸਹੁੰ ਹੈ
ਤੇ ਵਰ੍ਹੇ ਪਿਛੋਂ ਮੇਰੀ ਜ਼ਿੰਦਗੀ 'ਚ ਆਇਆ–
ਇਹ ਨਾਗ ਪੰਚਮੀ ਦਾ ਦਿਹੁੰ ਹੈ...

# ਓ ਖ਼ੁਦਾਇਆ !

ਮੈਂ ਆਪਣੇ ਮਰਦ ਨੂੰ ਮਿਲਦੀ
ਜਿਉਂ ਪੈਲੀਆਂ 'ਚੋਂ ਇਕ ਗਾਜਰ
ਜਾਂ ਮੂਲੀ ਨੂੰ ਤੋੜਕੇ—
ਕੋਈ ਭੁੱਖ ਨੂੰ ਇਕ ਠੱਲ੍ਹ ਪਾਂਦਾ ਹੈ...

ਤੇ ਜਿਉਂ ਕੋਈ ਡਾਢਾ ਤਿਹਾਇਆ
ਇਕ ਨੰਗੇ ਦਰਿਆ ਵਿੱਚੋਂ—
ਪਾਣੀ ਦੀ ਇਕ ਚੂਲੀ ਪੀਂਦਾ ਹੈ...

ਹਾਂਡੀ ਤਾਂ ਘਰਾਂ 'ਚ ਪੱਕਦੀ, ਸਹਿਜ ਰਿੱਝਦੀ
ਤੇ ਉਸ ਨੂੰ ਮਾਸ ਦੀ ਇਕ ਛੱਤ ਚਾਹੀਦੀ...

ਖ਼ੁਦਾਇਆ ! ਤੂੰ ਇਕੋ ਬਦਨ ਦਿੱਤਾ—
ਕੰਮਾਂ ਦੀ ਮਿੱਲ ਵਰਗਾ
ਕਿਰਤਾਂ ਦੀ ਜੂਹ ਵਰਗਾ
ਸੋਚਾਂ ਦੀ ਸੜਕ ਵਰਗਾ
ਤੇ ਦਿਹੁੰ ਰਾਤੀ ਤੂੰ ਕੰਮਾਂ ਦਾ ਹਿਸਾਬ ਵੇਖਦਾ...




ਓ ਮਿੱਲ ਦੇ ਮਾਲਕ !
ਤੂੰ ਮਾਸ ਦੀ ਇਕ ਕੋਠੜੀ ਤਾਂ ਦੇਂਦਾ
ਮੈਂ ਜਿਹਦੇ ਓਹਲੇ ਸਾਹ ਕੱਢਦੀ
ਪੈਰਾਂ ਨੂੰ ਮਾਂਜਦੀ, ਅੱਡੀਆਂ ਨੂੰ ਕੂਚਦੀ
ਹੋਠਾਂ ਤੇ ਸੱਕ ਮਲਦੀ
ਤੇ ਘੜੀ ਨਿਸ਼ਚਿੰਤ ਹੋ ਕੇ—
ਮੈਂ ਆਪਣੇ ਮਰਦ ਨੂੰ ਮਿਲਦੀ...
ਓ ਖ਼ੁਦਾਇਆ !

## ਕਰਜ਼ਾ

ਔਰਤ ਤੇ ਮਰਦ ਦੇ ਇਕ ਨਕਦ ਮੇਲ ਵਿੱਚੋਂ—
ਅਜ ਹੁਦਾਰ ਦੇ ਰਿਸ਼ਤੇ ਨੇ ਜਨਮ ਲੀਤਾ ਹੈ,
ਤੇ ਮੈਂ ਕਰਜ਼ਾਈ,
ਉਹਦੇ ਮੂੰਹ ਵਲ ਤਕਦਾ ਪਿਆ...

ਇਹ ਰਿਸ਼ਤਾ ਇਕ ਬਹੁਤ ਵੱਡੀ ਰਕਮ ਹੈ,
ਸੋ ਅੱਜ ਮੈਂ ਰੂਹ ਦੇ ਹਨੇਰੇ 'ਚ ਭਟਕਦਾ—
ਕਿਸੇ ਅੰਗਲੇ ਜਨਮ ਦੀ ਵਹੀ ਨੂੰ ਲਭਦਾ ਪਿਆ...

ਇੱਕ ਮਰਦ ਦੇ ਪਿੰਡੇ ਤੋਂ ਚਿਣਗ ਲੈ ਕੇ
ਇੱਕ ਔਰਤ ਦੀ ਕੁੱਖ ਓਹਲੇ—
ਤੂੰ ਅੱਗ ਦੀ ਇਕ ਦੇਹ ਧਾਰੀ ਹੈ,
ਤੇ ਮੈਂ—ਉਹ ਮਰਦ,
ਗਿੱਲੀਆਂ ਲੱਕੜਾਂ ਦੀ ਵੰਸ਼ ਵਿੱਚੋਂ,
ਤੇ ਜਿਸ ਲਈ ਇਹ ਕਰਜ਼ ਬਹੁਤ ਭਾਰੀ ਹੈ।




ਮੈਂ ਧੂੰਏਂ ਦੇ ਧੌਲਰ 'ਚ ਰਹਿਣ ਵਾਲਾ—
ਜੋ ਪਲ ਦੀ ਚਿਣਗ ਦਾ ਅਪਰਾਧ ਕਰ ਬੈਠਾ,
ਹੁਣ ਬੁੱਝੀ ਚੁਆਤੀ ਜਿਹਾ
ਇਕ ਗੁੱਠ ਵਿਚ ਬੈਠਾ ਹਾਂ
ਤੇ ਸਿਰਫ਼ ਇਹ ਕਹਿਣ ਲਈ ਉਠਿਆ ਹਾਂ—
(ਵੇਖ ! ਮੈਂ ਗੱਲ ਕਰਦਾ ਹਾਂ
ਤਾਂ ਮੂੰਹੋਂ ਕੋਲਿਆਂ ਦੀ ਰਾਖ ਝੜਦੀ ਹੈ)
ਕਿ ਮੇਰੀ ਇਹ ਠੰਢੇ ਮਾਸ ਦੀ ਦੁਨੀਆਂ,
ਤੇ ਏਥੇ ਅੱਗ ਨੂੰ ਕਲੀਰੇ ਨਹੀਂ ਬੱਝਦੇ,
ਤੈਨੂੰ ਜੋ ਇਕ ਲੋਰੀ ਦਾ ਕਰਾਰ ਹੈ—
ਤੂੰ ਸਮਝ ਛੱਡੀਂ—
ਕਿ ਉਹ ਵੀ ਇਕ ਅੱਗ ਨਾਲ—
ਇਕ ਬੁੱਝੀ ਚੁਆਤੀ ਦਾ ਹੁਦਾਰ ਹੈ...

## ਸਿਆਹੀਚੂਸ

ਜ਼ਿੰਦਗੀ ਦੀ ਅਸਲੀ ਇਬਾਰਤ ਕੀ ਸੀ ?
ਉਹ ਰੇਸ਼ਮੀ ਖ਼ਿਆਲਾਂ ਜਹੀ
ਖ਼ੁਸ਼ਖ਼ਤ ਹੁੰਦੀ ਸੀ
ਪਰ ਲਹੂ ਵਾਂਗ ਤੱਤੀ
ਤੇ ਸੁਪਨਿਆਂ ਦੀ ਸਿਆਹੀ ਨਾਲ
ਗਿੱਲੀ ਇਬਾਰਤ ਨੂੰ
ਜਿਸ ਸਿਆਹੀਚੂਸ ਨੇ ਸੁਕਾਇਆ ਸੀ—
ਉਹ ਸਿਆਹੀਚੂਸ ਮੈਂ ਵੀ ਹਾਂ, ਤੂੰ ਵੀ,
ਧਰਤੀ ਤੇ ਸਮਾਜ ਵੀ,
ਮਜ਼ਹਬ ਤੇ ਸਿਆਸਤ ਵੀ...

ਸੋ ਅਸਲੀ ਇਬਾਰਤ ਦੇ ਅੱਖਰ—
ਜੋ ਸਿਆਹੀਚੂਸ ਉੱਤੇ
ਹੁਣ ਪੁੱਠੇ ਨਜ਼ਰ ਔਂਦੇ ਹਨ—
ਸਿਆਹੀ ਦੇ ਧੱਬੇ ਜਹੇ,
ਉਹਨਾਂ ਨੂੰ ਆਪਣੀ ਅੱਖ ਚੋਂ ਲੰਘਾ ਕੇ,
ਕੁਝ ਸਿੱਧਿਆਂ ਕਰ ਕੇ
ਜਿੰਨੀ ਕੁ ਇਬਾਰਤ ਜੁੜੇ,
ਉਹ ਜੋੜ ਸਕਦੇ ਹਾਂ...



ਇਹ ਵੱਖਰੀ ਗੱਲ ਹੈ
ਕਿ ਮੇਰਾ ਇਹ ਸਿਆਹੀਚੂਸ
ਪਚਵਿੰਜਾ ਫਰਲਾਂਗ ਦਾ ਟੁਕੜਾ,
ਤੇ ਤੁਹਾਡਾ ਕੁਝ ਏਸ ਤੋਂ ਛੋਟਾ,
ਜਾਂ ਏਸ ਦੇ ਕਰੀਬ ਹੋਵੇਗਾ !
ਹਾਂ ਧਰਤੀ ਤੇ ਸਮਾਜ ਦਾ
ਜਾਂ ਮਜ਼ਹਬ ਤੇ ਸਿਆਸਤ ਦਾ ਬਹੁਤ ਲੰਬਾ ਹੈ...

ਪਰ ਕਈ ਟੋਟਿਆਂ 'ਚ ਟੁੱਟਿਆ ਹੋਇਆ
ਤੇ ਉਨ੍ਹਾਂ ਦੇ ਜੇ ਜੋੜ ਤੋੜ ਕਰੀਏ,
ਤਾਂ ਲੱਖਾਂ ਮੀਲ ਬਣਦਾ ਹੈ...


ਹਾਂ ਕਹਿਣ ਲੱਗੀ ਸਾਂ
ਕਿ ਇਕ ਗੱਲੋਂ ਇਹ ਸਿਆਹੀਚੂਸ—
ਮੇਰਾ ਜਾਂ ਤੁਹਾਡਾ, ਜਾਂ ਕਿਸੇ ਦਾ ਵੀ,
ਬੜਾ ਚਮਤਕਾਰੀ ਹੈ...
ਇਹ ਮੇਰੀਆਂ ਅੱਖਾਂ ਦੇ ਵਿਚ
ਜੋ ਉਨੀਂਦਰਾ ਦਿੱਸਦਾ
ਇਹ ਪੁੱਠਾ ਹਰਫ਼ ਹੈ
ਇਸ ਹਰਫ਼ ਨੂੰ ਸਿੱਧਿਆਂ ਕਰਾਂ,
ਤਾਂ ਵੇਖ ਸਕਦੀ ਹਾਂ—
ਕਿ ਮੇਰੀ ਉਮਰ ਦਾ ਇਹ
ਇਕ ਹੁਸੀਨ ਸੁਪਨਾ ਸੀ।

ਸੋ ਇਸ ਤਰ੍ਹਾਂ ਜਿਹੜੇ ਵੀ ਸਿਆਹੀਚੂਸ
ਤੇ ਜਿਹੜੇ ਵੀ ਹਰਫ਼ ਹਨ—
ਉਹ ਅਸਲੀ ਇਬਾਰਤ ਦੇ ਪੁੱਠੇ ਹਰਫ਼ ਹਨ...
ਇਹ ਹਰਫ਼ ਜੋ ਛਾਤੀ ਦਾ ਹਨੇਰਾ ਹੈ
ਇਹ ਸੂਰਜ ਦੀ ਧੁੱਪ ਹੁੰਦਾ ਸੀ,
ਤੇ ਰੂਹ ਦਾ ਆਲਮ,
ਜੋ ਅਕਸਰ ਚੀਕ ਉਠਦਾ ਹੈ
ਇਹ ਖਿੜਦੇ ਫੁੱਲ ਵਰਗਾ ਚੁੱਪ ਹੁੰਦਾ ਸੀ...
ਇਹ ਪੈਰਾਂ ਦੀ ਬਿਆਈ,
ਰਾਹਵਾਂ ਦੀ ਪਿਆਸ ਹੁੰਦੀ ਸੀ,
ਇਹ ਤਲੀ ਦਾ ਰੱਟਣ,
ਕੰਮਾਂ ਦੀ ਆਸ ਹੁੰਦੀ ਸੀ,
ਤੇ ਮੱਥੇ ਦੀ ਲਕੀਰ—
ਜੋ ਤੀਊੜੀ ਜਿਹੀ ਨਜ਼ਰ ਔਂਦੀ ਹੈ—
ਇਕ ਬਹੁਤ ਲੰਬੀ ਸੋਚ ਹੁੰਦੀ ਸੀ,
ਤੇ ਬੱਤੀਆਂ ਦੰਦਾਂ ਦੇ ਹੇਠਾਂ
ਜੋ ਜੀਭ ਦੱਬੀ ਹੈ
ਇਹ ਜ਼ਿੰਦਗੀ ਨੂੰ ਹਾਕਾਂ ਮਾਰ ਸਕਦੀ ਸੀ...

ਇਹ ਟੁੱਟੀਆਂ ਲੀਕਾਂ—
ਤੇ ਤਾਰਿਆਂ ਦੇ ਨਾਲ ਟਕਰਾਂਦੀਆਂ ਚੀਕਾਂ
ਤੇ ਧਰਤੀ ਤੇ ਸਮਾਜ ਦੇ
ਜਾਂ ਮਜ਼ਹਬ ਤੇ ਸਿਆਸਤ ਦੇ
ਇਹ ਲੱਖਾਂ ਮੀਲ ਲੰਬੇ
ਜੋ ਸਿਆਹੀਚੂਸ ਹਨ
ਇਹ ਪੁੱਠੀਆਂ ਲਕੀਰਾਂ ਦੇ ਨਾਲ ਕਾਲੇ ਹਨ...

ਇਹ ਸਿਰ ਉੱਤੇ ਲਟਕਦੇ ਦਿਹੁੰ—
—ਇਹ ਛਾਤੀ 'ਚ ਟੁਟਦੀਆਂ ਰਾਤਾਂ,
ਤੇ ਹਰ ਪੀੜ੍ਹੀ ਨੂੰ ਵਿਰਸੇ 'ਚ ਮਿਲਦੀਆਂ—
—ਜ਼ਖ਼ਮਾਂ ਦੀਆਂ ਬਾਤਾਂ,
ਤੇ ਇਹ ਜੋ ਜਵਾਨੀਆਂ ਦੇ
ਬੰਜਰ ਤੇ ਰੇਤਲੇ ਸਹਿਰਾਅ ਹਨ,
ਜਾਂ ਇਹਨਾਂ 'ਚ ਨਿੱਤ ਵਗਦੇ
ਲਹੂ ਦੇ ਦਰਿਆ ਹਨ,
ਇਹ ਠੰਢੀਆਂ ਤੇ ਪੁੱਠੀਆਂ ਲਕੀਰਾਂ ਹਨ...

ਬਸ ਇਹੀ ਕੁਝ ਅਸਲੀ
ਇਬਾਰਤ ਦੇ ਹਵਾਲੇ ਹਨ
ਉਹ ਅਸਲੀ ਇਬਾਰਤ ਤਾਂ
ਕਦੋਂ ਦੀ ਗੁਆਚ ਚੁੱਕੀ ਹੈ...



## ਜਿੱਥੇ...ਜਦੋਂ...

ਮੈਂ ਸੋਚਾਂ ਦੇ ਆਖ਼ਰੀ ਸਿਰੇ ਤੇ ਖਲੋਤੀ ਹਾਂ...



ਕੱਲ੍ਹ ਜਿੱਥੇ ਮੈਂ ਅੱਖੀਆਂ ਦਾ ਪਾਣੀ
ਖੇਤਾਂ ਨੂੰ ਲਾਇਆ ਸੀ
ਤੇ ਲੋਕ ਆਪਣੇ ਸੁਪਨਿਆਂ ਦੇ
ਬੀਜ ਲੱਭਣ ਤੁਰੇ ਸੀ,
ਵਕਤ ਨੇ ਹਉਕਾ ਲਿਆ
ਤੇ ਉਥੇ, ਉਸ ਵੱਤਰੀ ਭੋਂ ਤੇ ਆ ਕੇ
ਅਜ ਕਿਸੇ ਨੇ ਉਹ ਹਉਕਾ ਬੀਜ ਦਿੱਤਾ ਹੈ...

ਕੱਲ੍ਹ ਨੂੰ ਇਹ ਫ਼ਸਲ ਜਦੋਂ ਉੱਗੇਗੀ
ਮੰਡੀਆਂ 'ਚ ਆਏਗੀ
—ਖੇਤਾਂ ਦੇ ਦੇਵਤੇ ਨੂੰ
ਹਉਕੇ ਦਾ ਭੋਗ ਲੱਗੇਗਾ
ਚੰਨ ਨੂੰ ਜਦ ਹਉਕੇ ਦਾ
ਅਰਘ ਮਿਲੇਗਾ
ਤੇ ਹਵਾ ਜਦੋਂ ਆਦਮ ਦੇ ਅੱਗੇ
ਹਾਂਡੀ ਨੂੰ ਪਰੋਸੇਗੀ
ਤਾਂ ਏਸ ਦਾ ਦਾਣਾ ਮੂੰਹ ਨੂੰ ਲਾ ਕੇ
ਉਹ ਧਰਤੀ ਤੋਂ ਕੱਢਿਆ ਜਾਏਗਾ—
ਤਾਂ ਕਿੱਥੇ ਜਾਏਗਾ ?

ਇਹ ਸੋਚ—
ਸੋਚਾਂ ਦੇ ਆਖ਼ਰੀ ਸਿਰੇ ਤੋਂ ਵੀ ਪਰ੍ਹਾਂ ਹੈ...

ਮੈਂ ਸੋਚਾਂ ਦੇ ਆਖ਼ਰੀ ਸਿਰੇ ਤੇ ਖਲੋਤੀ ਹਾਂ...

# ਅਲਵਿਦਾ

ਨਹੀਂ—ਮੈਂ ਕੁਝ ਨਹੀਂ ਕਹਿਣਾ...

ਇਲਾਹੀ ਖ਼ੁਸ਼ੀ ਸੀ ਤੇਰੇ ਔਣ ਦੀ
ਤੇ ਉਹ—ਤੇਰੇ ਜਾਣ ਵੇਲੇ,
ਦਰਦ ਤੋਂ ਮਾਫ਼ੀ ਨਹੀਂ ਮੰਗੇਗੀ...

ਨਹੀਂ—ਕੋਈ ਕੁਰਬਾਨੀ ਨਹੀਂ
ਇਹ ਲਫ਼ਜ਼ ਤਾਂ ਧਰਤੀ ਦੇ ਹੁਸਨ ਨੂੰ
ਕੱਲਰ ਦਾ ਸਰਾਪ ਹੁੰਦਾ ਹੈ,
ਤੂੰ ਜਿਸ ਧਰਤੀ ਦੀ ਹਕੀਕਤ ਸੀ
ਮੈਂ—ਹੁਣ ਉਸ ਧਰਤੀ ਨੂੰ,
ਕੱਲਰ ਦੀ ਗਾਲ੍ਹ ਨਹੀਂ ਕੱਢਾਂਗੀ...

ਵੇਖ ਲਫ਼ਜ਼ਾਂ ਦਾ ਖੜਾਕ ਨਾ ਕਰੀਏ !
ਕਿ ਤੇਰੀ ਉਮਰ ਦੇ ਕਿੰਨੇ ਹੀ ਵਰ੍ਹੇ,
ਮੇਰੇ ਬਦਨ ਵਿਚ ਸੁੱਤੇ ਪਏ...
ਉਹ ਜਾਗ ਉਠੇ ਤਾਂ ਕੀਕਣ ਕਹਾਂਗੀ
ਕਿ ਕਿਸੇ ਜਾਣ ਵਾਲੇ ਨੂੰ,
ਪਿੱਛੋਂ ਦੀ 'ਵਾਜ ਨਹੀਂ ਮਾਰੀਦੀ...

ਮੈਂ ਮੁਹੱਬਤ ਨੂੰ ਅਰਥ ਦਿੱਤੇ ਸੀ
ਤੇ ਇਹ ਮੇਰੇ ਅੱਖਰਾਂ ਦੀ ਆਬਰੂ,
ਕਿ ਮੈਂ ਅੰਤਾਂ ਦੀ ਉਦਾਸ ਹਾਂ
ਪਰ ਉਦਾਸੀ ਨੂੰ ਅਰਥ ਨਹੀਂ ਦੇਵਾਂਗੀ...

ਨਹੀਂ—ਮੈਂ ਕੁਝ ਨਹੀਂ ਕਹਿਣਾ...



## 21 ਅਕਤੂਬਰ

ਕਰਾਗੂਯੇਵਾਚ ਇਤਿਹਾਸ ਦਾ ਇਕ ਸ਼ੀਸ਼ਾ ਹੈ...
ਇਕ ਵਕਤ ਸੀ—
ਕਿ ਧਰਤੀ ਦੇ ਏਸ ਕਾਗ਼ਜ਼ ਤੇ,
ਇਕ ਸ਼ਹਿਰ ਦੀ ਇਬਾਰਤ ਸੀ
ਸੈਂਕੜੇ ਸਤਰਾਂ ਦੀ ਨਜ਼ਮ ਵਰਗੀ,
ਤੇ ਲੋਕ—ਉਹਦੇ ਅੱਖਰਾਂ ਵਰਗੇ...

ਬੱਚੇ ਪੰਘੂੜਿਆਂ 'ਚ ਸੁੱਤੇ, ਮਾਵਾਂ ਦਾ ਦੁੱਧ ਚੁੰਘਦੇ
ਵੇਹੜਿਆਂ 'ਚ ਹੱਸਦੇ,
ਤੇ ਸਕੂਲ ਵਿਚ ਖੇਡਦੇ
ਇਸ ਨਜ਼ਮ ਨੂੰ ਹੋਠਾਂ 'ਚ ਗੌਂਦੇ ਸੀ
ਤੇ ਨਜ਼ਮ ਦੇ ਅਰਥਾਂ ਦੀ ਤਰ੍ਹਾਂ—ਸਮਝ ਔਂਦੇ ਸੀ...


..................

ਕਰਾਗੂਯੇਵਾਚ ਇਤਿਹਾਸ ਦਾ ਇਕ ਸ਼ੀਸ਼ਾ
ਤੇ ਜਿਹਦੇ ਵਿਚੋਂ
ਅਜ ਪੁੱਠੇ ਅੱਖਰਾਂ ਵਾਂਗੂੰ—
ਇਸ ਪੂਰੇ ਸ਼ਹਿਰ ਦੀ ਵੱਸੋਂ—
ਇਕ ਪੱਥਰ ਦਾ ਬੁੱਤ ਦਿਸਦੀ ਹੈ,
ਤੇ ਘਾਹ ਜਦੋਂ ਉਗਦਾ ਹੈ—
ਲਗਦ੍ਹਾ ਹੈ ਅਜੇ ਵੀ ਉਸ ਨੂੰ
ਇਹ ਮਿੱਟੀ ਕੁਝ ਦੱਸਦੀ ਹੈ,
ਤੇ ਮੀਂਹ ਜਦੋਂ ਵੱਸਦਾ ਹੈ—
ਲਗਦਾ ਹੈ ਅਜੇ ਵੀ
ਉਹ ਸ਼ਹਿਰ ਵਿਚੋਂ ਲਹੂ ਧੋਂਦਾ ਹੈ,
ਤੇ ਪੌਣ ਜਦੋਂ ਵੱਗਦੀ ਹੈ—
ਲਗਦਾ ਹੈ ਕੰਨ ਵਿਚ
ਇਕ ਮੋਏ ਹੋਏ ਵੇਲੇ ਦੀ ਗੱਲ ਕਹਿੰਦੀ ਹੈ—
ਸੰਨ ਇਕਤਾਲੀ ਦੀ...

ਸ਼ਹਿਰ ਜੋ ਇਕ ਨਜ਼ਮ ਵਰਗਾ ਸੀ,
ਤੇ ਲੋਕ ਅੱਖਰ ਸਨ,
ਅਜ ਉਹੀ ਅੱਖਰ ਗੋਲੀਆਂ ਦੇ ਵਿੰਨ੍ਹੇ—
ਇਸ ਕਾਗ਼ਜ਼ ਦੇ ਜ਼ਖ਼ਮ ਹਨ।

ਤੇ ਤਿੰਨ ਸੌ ਬੱਚੇ ਇਕ ਸਕੂਲ ਵਿਚ ਬੈਠੇ,
ਜੋ ਉਠਦੀ ਜਵਾਨੀ ਦੀ ਸਰਸਰਾਹਟ ਸਨ
ਛਾਤੀ ਦੇ ਸੁਪਨਿਆਂ ਵਰਗੇ—
ਜੋ ਰਾਤਾਂ ਨੂੰ ਗਿੱਠ ਗਿੱਠ ਉਗਦੇ ਸਨ,
ਭਵਿੱਖ ਦੇ ਖੰਭਾਂ ਦੀ ਤਰ੍ਹਾਂ—
ਜੋ ਮੋਢਿਆਂ ਤੋਂ ਉਤਾਂਹ ਉੱਠਦੇ ਸਨ,
ਅਜ ਟੁੱਟੀ ਉਡਾਰੀ ਦਾ ਚਿੰਨ੍ਹ ਹਨ...

ਕਰਾਗੂਯੇਵਾਚ ਇਤਿਹਾਸ ਦਾ ਇਕ ਸ਼ੀਸ਼ਾ ਹੈ
ਅੰਤਾਂ ਦਾ ਭਿਆਨਕ, ਤੇ ਉਸ ਵੇਲੇ ਦਾ ਗਵਾਹ
ਜਦ ਛਾਤੀ ਦਾ ਹੁਸਨ ਮੋਇਆ ਸੀ,
ਮੱਥੇ ਦਾ ਇਲਮ ਰੋਇਆ ਸੀ
ਤੇ ਖ਼ੁਦ ਇਨਸਾਨ ਦੇ ਹੱਥੋਂ
ਇਨਸਾਨੀਅਤ ਦਾ ਕਤਲ ਹੋਇਆ ਸੀ...
ਕਰਾਗੂਯੇਵਾਚ ਇਤਿਹਾਸ ਦਾ ਇਕ ਸ਼ੀਸ਼ਾ ਹੈ...




---

ਕਰਾਗੂਯੇਵਾਚ ਬੈਲਗ੍ਰੇਡ ਤੋਂ ਕੋਈ ਸੌ ਮੀਲ ਦੂਰ ਉਹ ਸ਼ਹਿਰ ਹੈ, ਜਿਹਦੀ ਸਾਰੀ ਵੱਸੋਂ ਜਰਮਨ ਫ਼ੌਜਾਂ ਨੇ, ਇਕ ਦਿਨ ਵਿਚ ਕਤਲ ਕੀਤੀ ਸੀ।


## ਸਰਾਪ

ਅੱਜ ਮੈਂ ਟੁੱਟੇ ਸਾਕਾਂ ਵਾਂਗੂੰ
ਧਰਤੀ ਦੇ ਗਲ ਲੱਗ ਕੇ ਰੋਈ...
ਪੁੱਛਿਆ : ਦੱਸ ਕਿੰਨਾ ਚਿਰ ਹੋਇਆ
ਕਿ ਛਾਤੀ ਵਿਚੋਂ ਰਿਸ਼ਤਾ ਕੱਢ ਕੇ
ਬੋਝੇ ਦੇ ਵਿਚ ਪਾ ਗਿਆ ਕੋਈ...
ਦੱਸਿਆ : ਬੋਝੇ ਇੰਜ ਫੁਲੀਂਦੇ
ਕਿ ਹਰ ਬੋਝੇ ਦੀ ਕਿਸਮਤ ਹੁੰਦੀ
ਸੀਊਣਾਂ ਤੀਕਰ ਉੱਧੜੀ ਹੋਈ...



ਅੱਜ ਮੈਂ ਟੁੱਟੇ ਪੱਤਿਆਂ ਵਾਂਗੂੰ
ਧਰਤੀ ਦੇ ਗਲ ਲੱਗ ਕੇ ਰੋਈ...
ਇਕ ਹਰਿਆਵਲ ਲੱਭਣ ਖ਼ਾਤਰ
ਵਰ੍ਹਿਆਂ ਦੇ ਮੈਂ ਸਿਆੜ ਬਣਾਏ
ਤੇ ਉਮਰਾ ਬੈਲਾਂ ਵਾਂਗਣ ਜੋਈ...
ਅੱਜ ਸਾਰੇ ਅੱਖਰ ਛੇਕਾਂ ਵਾਂਗੂੰ
ਤੇ ਛਾਨਣੀਆਂ ਦੇ ਵਿਚ ਛਣੀਂਦੀ
ਮਨ ਦੀ ਉਹੀਓ ਮਿੱਟੀ ਮੋਈ...

ਅੱਜ ਮੈਂ ਪਾਟੇ ਸਫ਼ਿਆਂ ਵਾਂਗੂੰ
ਧਰਤੀ ਦੇ ਗਲ ਲੱਗ ਕੇ ਰੋਈ...
ਵੇਖ ਕਿ ਮੇਰੇ ਮਨ ਦੀ ਵਿਥਿਆ
ਜਦ ਕਾਗ਼ਜ਼ ਦੀ ਜੂਨੇ ਆਈ
ਤਾਂ ਸਾਰੀ ਅੱਖਰ ਅੱਖਰ ਹੋਈ...
ਸਾਨੂੰ ਸਾਰੇ ਫਲ ਕਰੂੱਤੇ ਲੱਗੇ
ਇਕ ਬੇਵਕਤੀ ਸਿਆਣਪ ਵਾਲਾ
ਸਾਨੂੰ ਕਿਹਾ ਸਰਾਪ ਦਿਤੋ ਈ...




## ਇੱਕ ਹਾਂ...

ਜ਼ਿੰਦਗੀ ਨੂੰ ਅੱਜ ਮੈਂ ਇਕ ਨਵੀਂ ਹਾਂ ਕੀਤੀ ਹੈ...

ਇਕ ਨਾਂਹ ਸੀ—
ਸੰਭਾਵਨਾਂ ਦੇ ਪੈਰਾਂ ਵਿਚ—
ਅਜ਼ਲਾਂ ਤੋਂ ਠੋਕੇ ਕਿੱਲ ਵਰਗੀ,

ਪਰ ਹਾਂ ਦੇ ਅਰਥਾਂ ਨੂੰ ਉਹੀਓ ਪਛਾਣਦਾ,
ਜੋ ਕਿੱਲ ਦੇ ਵਜੂਦ ਤੋਂ ਵੀ ਨਾਂਹ ਕਰਨੀ ਜਾਣਦਾ...

ਤੇ ਉਹੀ ਨਾਂਹ ਮੈਂ ਪੈਰਾਂ 'ਚੋਂ ਕੱਢ ਕੇ
ਇਕ ਤਲੀ ਉੱਤੇ ਰੱਖ ਲੀਤੀ ਹੈ...
ਜ਼ਿੰਦਗੀ ਨੂੰ ਅੱਜ ਮੈਂ ਇਕ ਨਵੀਂ ਹਾਂ ਕੀਤੀ ਹੈ...



ਸੰਭਾਵਨਾ ਦੇ ਪੈਰ ਤੋਂ ਆ ਕੇ
ਅੱਜ ਧਰਤੀ ਨੇ ਧਮਕ ਮੰਗੀ ਹੈ
ਤੇ ਸੱਜੇ ਪੈਰ ਦੀ ਅੱਡੀ—
ਉਸ ਰਾਹਵਾਂ ਤੇ ਰੱਖ ਦਿੱਤੀ ਹੈ...
ਇਹ ਕੂਲੇ ਮਾਸ ਦਾ ਯਥਾਰਥ—
ਕਿ ਕਿੱਲਾਂ ਦੀ ਨਸਲ ਕੰਬੇਗੀ
ਲੋਹੇ ਨੇ ਜੰਗਾਲ ਦੀ ਅੱਜ ਪਹਿਲੀ ਮੌਤ ਪੀਤੀ ਹੈ...
ਜ਼ਿੰਦਗੀ ਨੂੰ ਅੱਜ ਮੈਂ ਇਕ ਨਵੀਂ ਹਾਂ ਕੀਤੀ ਹੈ...

ਯਾਤ੍ਰਾ—ਜੋ "ਕਿਤੇ ਨਹੀਂ" ਤੋਂ ਸ਼ੁਰੂ ਹੁੰਦੀ ਹੈ,
ਉਸ "ਕਿਤੇ ਨਹੀਂ" ਤਕ ਪਹੁੰਚਣਾ ਹੁੰਦਾ,
ਪਰ ਇਕ ਸੂਰਜ ਲਹਿਣ ਦਾਂ ਵੇਲਾ—
ਤੇ ਇਕ ਸੂਰਜ ਚੜ੍ਹਣ ਦਾ...

ਯਾਤ੍ਰਾ—ਜੋ ਉਨ੍ਹਾਂ ਵੇਲਿਆਂ ਚੋਂ ਲੰਘਦੀ—
ਕਿਰਨਾਂ ਦੇ ਇਲਮ ਨੂੰ ਮੱਥੇ ਤੇ ਧਾਰਦੀ—
'ਇੱਥੇ' ਤੇ 'ਉੱਥੇ' ਦੀਆਂ ਖੰਦਕਾਂ ਨਕਾਰਦੀ...
ਇਹ ਓਸੇ ਦੀ "ਹਾਂ"
"ਨਾਂਹ" ਦੀ ਇਕ ਹੱਡ ਬੀਤੀ ਹੈ...
ਜ਼ਿੰਦਗੀ ਨੂੰ ਅੱਜ ਮੈਂ ਇਕ ਨਵੀਂ ਹਾਂ ਕੀਤੀ ਹੈ...



## ਆਦਿ ਰਚਨਾ


ਮੈਂ—ਇਕ ਨਿਰਾਕਾਰ ਮੈਂ ਸਾਂ...

ਇਹ ਮੈਂ ਦਾ ਸੰਕਲਪ ਸੀ, ਜੋ ਪਾਣੀ ਦਾ ਰੂਪ ਬਣਿਆ
ਤੇ ਤੂੰ ਦਾ ਸੰਕਲਪ ਸੀ ਜੋ ਅੱਗ ਵਾਂਗ ਫੁਰਿਆ
ਤੇ ਅੱਗ ਦਾ ਜਲਵਾ ਪਾਣੀਆਂ ਤੇ ਤੁਰਿਆ...
ਪਰ ਉਹ ਪਰਾ-ਇਤਿਹਾਸਕ ਸਮਿਆਂ ਦੀ ਗੱਲ ਹੈ...

ਇਹ ਮੈਂ ਦੀ ਮਿੱਟੀ ਦੀ ਤ੍ਰੇਹ ਸੀ
ਕਿ ਉਸ ਨੇ ਤੂੰ ਦਾ ਦਰਿਆ ਪੀਤਾ,
ਇਹ ਮੈਂ ਦੀ ਮਿੱਟੀ ਦਾ ਹਰਾ ਸੁਪਨਾ
ਕਿ ਤੂੰ ਦਾ ਜੰਗਲ ਉਸ ਲੱਭ ਲੀਤਾ,
ਇਹ ਮੈਂ ਦੀ ਮਿੱਟੀ ਦੀ ਵਾਸ਼ਨਾ
ਤੇ ਤੂੰ ਦੇ ਅੰਬਰ ਦਾ ਇਸ਼ਕ ਸੀ
ਕਿ ਤੂੰ ਦਾ ਨੀਲਾ ਜਿਹਾ ਸੁਪਨਾ
ਮਿੱਟੀ ਦੀ ਸੇਜ ਤੇ ਸੁੱਤਾ।

ਇਹ ਤੇਰੇ ਤੇ ਮੇਰੇ ਮਾਸ ਦੀ ਸੁਗੰਧ ਸੀ—
ਤੇ ਏਹੋ ਹਕੀਕਤ ਦੀ ਆਦਿ ਰਚਨਾ ਸੀ...

ਸੰਸਾਰ ਦੀ ਰਚਨਾ ਤਾਂ ਬਹੁਤ ਪਿੱਛੋਂ ਦੀ ਗੱਲ ਹੈ...



## ਆਦਿ ਚਿੱਤਰ

ਮੈਂ ਸਾਂ—ਤੇ ਸ਼ਾਇਦ ਤੂੰ ਵੀ...

ਮੈਂ ਛਾਵਾਂ ਦੇ ਅੰਦਰ ਡੋਲਦੀ ਇਕ ਛਾਂ ਸਾਂ
ਤੇ ਸ਼ਾਇਦ ਤੂੰ ਵੀ ਇਕ ਖ਼ਾਕੀ ਜਿਹਾ ਸਾਇਆ
ਹਨੇਰਿਆਂ ਦੇ ਅੰਦਰ ਹਨੇਰਿਆਂ ਦੇ ਟੁਕੜੇ...
ਪਰ ਉਹ ਪਰਾ-ਇਤਿਹਾਸਕ ਸਮਿਆਂ ਦੀ ਗੱਲ ਹੈ...

ਰਾਤਾਂ ਤੇ ਰੁੱਖਾਂ ਦਾ ਹਨੇਰਾ ਸੀ
ਜੋ ਤੇਰੀ ਤੇ ਮੇਰੀ ਪੁਸ਼ਾਕ ਸੀ,
ਇਕ ਸੂਰਜ ਦੀ ਕਿਰਨ ਆਈ ਸੀ
ਉਹ ਦੋਹਾਂ ਦੇ ਬਦਨ 'ਚੋਂ ਲੰਘੀ
ਤੇ ਪਰ੍ਹਾਂ ਪੱਥਰ ਦੇ ਉਤੇ ਉੱਕਰੀ ਗਈ।

ਸਿਰਫ਼ ਅੰਗਾਂ ਦੀ ਗੁਲਾਈ ਸੀ, ਚਾਨਣ ਦੀਆਂ ਨੋਕਾਂ
ਇਹ ਦੁਨੀਆਂ ਦਾ ਆਦਿ ਚਿੱਤਰ ਸੀ
ਪੱਤਿਆਂ ਨੇ ਹਰਾ ਰੰਗ ਭਰਿਆ
ਬੱਦਲਾਂ ਨੇ ਦੂਧੀਆ, ਅੰਬਰ ਨੇ ਸਲੇਟੀ
ਤੇ ਫੁੱਲਾਂ ਨੇ ਲਾਲ, ਪੀਲਾ, ਕਾਸ਼ਨੀ...

ਚਿੱਤਰਾਂ ਦੀ ਕਲਾ ਤਾਂ ਬਹੁਤ ਪਿੱਛੋਂ ਦੀ ਗੱਲ ਹੈ...



## ਆਦਿ ਸੰਗੀਤ


ਮੈਂ ਸਾਂ—ਤੇ ਸ਼ਾਇਦ ਤੂੰ ਵੀ...

ਇਕ ਅੰਤ ਹੀਨ ਚੁੱਪ ਹੁੰਦੀ ਸੀ
ਜੋ ਸੁੱਕੇ ਹੋਏ ਪੱਤੇ ਦੀ ਤਰ੍ਹਾਂ ਭੁਰਦੀ
ਜਾਂ ਅਜਾਈਂ ਕੰਢੇ ਦੀ ਰੇਤ ਵਾਂਗ ਖੁਰਦੀ...
ਪਰ ਉਹ ਪਰਾ-ਇਤਿਹਾਸਕ ਸਮਿਆ ਦੀ ਗੱਲ ਹੈ...

ਮੈਂ ਤੈਨੂੰ ਇਕ ਮੋੜ ਤੇ ਆਵਾਜ਼ ਦਿੱਤੀ
ਤੇ ਅੱਗੋਂ ਤੂੰ ਮੋੜਵੀਂ ਆਵਾਜ਼ ਦਿੱਤੀ
ਤਾਂ ਪੌਣਾਂ ਦੇ ਸੰਘ ਵਿਚ ਕੁਝ ਥਰਥਰਾਇਆ,
ਮਿੱਟੀ ਦੇ ਕਿਣਕੇ ਕੁਝ ਸਰਸਰਾਏ
ਤੇ ਨਦੀ ਦਾ ਪਾਣੀ ਕੁਝ ਗੁਣਗੁਣਾਇਆ,
ਰੁੱਖ ਦੀਆਂ ਟਾਹਣਾਂ ਕੁਝ ਕੱਸੀਆਂ ਗਈਆਂ

ਪੱਤਿਆਂ ਦੇ ਵਿਚੋਂ ਇਕ ਛਣਕ ਆਈ
ਫੁੱਲ ਦੀ ਡੋਡੀ ਨੇ ਅੱਖ ਝਮਕੀ
ਤੇ ਇਕ ਚਿੜੀ ਦੇ ਕੁਝ ਖੰਭ ਹਿੱਲੇ,
ਇਹ ਪਹਿਲਾ ਨਾਦ ਸੀ ਜੋ ਕੰਨਾਂ ਨੇ ਸੁਣਿਆ ਸੀ...

ਸਪਤ੍ਹ ਸੁਰਾਂ ਦੀ ਸੰਗਿਆ ਤਾਂ ਬਹੁਤ ਪਿੱਛੋਂ ਦੀ ਗੱਲ ਹੈ...



## ਆਦਿ ਪੁਸਤਕ


ਮੈਂ ਸਾਂ—ਤੇ ਸ਼ਾਇਦ ਤੂੰ ਵੀ...

ਸ਼ਾਇਦ ਇਕ ਸਾਹ ਦੀ ਵਿੱਥ ਤੇ ਖਲੋਤਾ
ਸ਼ਾਇਦ ਇਕ ਨਜ਼ਰ ਦੇ ਹਨੇਰੇ ਤੇ ਬੈਠਾ
ਸ਼ਾਇਦ ਅਹਿਸਾਸ ਦੇ ਇਕ ਮੋੜ ਤੇ ਤੁਰਦਾ...
ਪਰ ਉਹ ਪਰਾ-ਇਤਿਹਾਸਕ ਸਮਿਆਂ ਦੀ ਗੱਲ ਹੈ...

ਇਹ ਮੇਰੀ ਤੇ ਤੇਰੀ ਹੋਂਦ ਸੀ
ਜੋ ਦੁਨੀਆਂ ਦੀ ਆਦਿ ਭਾਸ਼ਾ ਬਣੀ
ਮੈਂ ਦੀ ਪਹਿਚਾਣ ਦੇ ਅੱਖਰ ਬਣੇ
ਤੂੰ ਦੀ ਪਹਿਚਾਣ ਦੇ ਅੱਖਰ ਬਣੇ
ਤੇ ਉਹਨਾਂ ਉਹ ਆਦਿ ਭਾਸ਼ਾ ਦੀ ਆਦਿ ਪੁਸਤਕ ਲਿਖੀ।

ਇਹ ਮੇਰਾ ਤੇ ਤੇਰਾ ਮੇਲ ਸੀ
ਅਸੀ ਪੱਥਰਾਂ ਦੀ ਸੇਜ ਤੇ ਸੁੱਤੇ,
ਤੇ ਅੱਖਾਂ ਹੋਂਠ ਉਂਗਲਾਂ ਪੋਟੇ
ਮੇਰੇ ਤੇ ਤੇਰੇ ਬਦਨ ਦੇ ਅੱਖਰ ਬਣੇ
ਤੇ ਉਹਨਾਂ ਉਹ ਆਦਿ ਪੁਸਤਕ ਅਨੁਵਾਦ ਕੀਤੀ...

ਰਿਗ ਵੇਦ ਦੀ ਰਚਨਾ ਤਾਂ ਬਹੁਤ ਪਿੱਛੋਂ ਦੀ ਗੱਲ ਹੈ...




## ਆਦਿ ਧਰਮ

ਮੈਂ ਨੇ ਜਦ ਤੂੰ ਨੂੰ ਪਹਿਨਿਆ
ਤਾਂ ਦੋਵੇਂ ਹੀ ਪਿੰਡੇ ਅੰਤਰ ਧਿਆਨ ਸਨ,
ਅੰਗ ਫੁੱਲਾਂ ਦੀ ਤਰ੍ਹਾਂ ਗੁੰਦੇ ਗਏ
ਤੇ ਰੂਹ ਦੀ ਦਰਗਾਹ ਤੇ ਅਰਪੇ ਗਏ...

ਤੂੰ ਤੇ ਮੈਂ ਸੁਗੰਧਿਤ ਸਾਮਿੱਗਰੀ,
ਇਕ ਦੂਜੇ ਦਾ ਨਾਂ ਹੋਠਾਂ ਤੋਂ ਨਿਕਲਿਆ
ਤਾਂ ਉਹੀ ਨਾਂ ਪੂਜਾ ਦੇ ਮੰਤਰ ਸਨ,
ਇਹ ਤੇਰੀ ਤੇ ਮੇਰੀ ਹੋਂਦ ਦਾ ਇਕ ਯੱਗ ਸੀ

ਧਰਮ ਕਰਮ ਦੀ ਸਾਖੀ ਤਾਂ ਬਹੁਤ ਪਿੱਛੋਂ ਦੀ ਗੱਲ ਹੈ...



## ਆਦਿ ਕਬੀਲਾ

ਮੈਂ ਦੀ ਜਦ ਰੁੱਤ ਮੌਲੀ ਸੀ
ਮਾਸ ਦੇ ਬੂਟੇ ਨੂੰ ਬੂਰ ਆਇਆ ਸੀ
ਪੌਣ ਕੰਨੀਂ ਮਹਿਕ ਬੱਝੀ ਸੀ
ਤੂੰ ਦਾ ਅੱਖਰ ਲਹਿਲਹਾਇਆ ਸੀ...

ਮੈਂ ਦੀ ਤੇ ਤੂੰ ਦੀ ਛਾਵੇਂ
ਜਦ "ਉਹ" ਆ ਕੇ ਨਚਿੰਤ ਸੁੱਤਾ ਸੀ,
ਇਹ "ਉਹ" ਦਾ ਇਕ ਮੋਹ ਸੀ
ਕਿ ਕਣਕ ਦਾ ਦਾਣਾ ਅਸਾਂ ਵੰਡ ਲੀਤਾ ਸੀ,
"ਉਹ" ਸਹਿਜ ਸੀ, ਸੁਭਾਵਕ ਸੀ, ਮੈਂ ਦੀ ਤੇ ਤੂੰ ਦੀ ਤ੍ਰਿਪਤੀ

ਕਬੀਲਿਆਂ ਦੀ ਕਥਾ ਤਾਂ ਬਹੁਤ ਪਿੱਛੋਂ ਦੀ ਗੱਲ ਹੈ...



## ਆਦਿ ਸਿਮ੍ਰਤੀ

ਕਾਇਆ ਦੀ ਹਕੀਕਤ ਤੋਂ ਲੈ ਕੇ—
ਕਾਇਆ ਦੀ ਆਬਰੂ ਤੀਕਣ ਮੈਂ ਸਾਂ,
ਕਾਇਆ ਦੇ ਹੁਸਨ ਤੋਂ ਲੈ ਕੇ—
ਕਾਇਆ ਦੇ ਇਸ਼ਕ ਤੀਕਣ ਤੂੰ ਸੀ

ਇਹ ਮੈਂ ਅੱਖਰ ਦਾ ਇਲਮ ਸੀ
ਜਿਸ ਮੈਂ ਨੂੰ ਇਖ਼ਲਾਕ ਦਿੱਤਾ ਸੀ,
ਇਹ ਤੂੰ ਅੱਖਰ ਦਾ ਜਸ਼ਨ ਸੀ
ਜਿਸ "ਉਹ" ਨੂੰ ਪਹਿਚਾਣ ਲੀਤਾ ਸੀ,

ਭੈਅ ਮੁਕਤ ਮੈਂ ਦੀ ਹਸਤੀ, ਤੇ ਭੈਅ ਮੁਕਤ ਤੂੰ ਦੀ, ਉਹ ਦੀ,
ਮਨੁ ਦੀ ਸਿਮ੍ਰਤੀ ਤਾਂ ਬਹੁਤ ਪਿੱਛੋਂ ਦੀ ਗੱਲ ਹੈ...



## ਪੁਲ

ਕੱਲ੍ਹ—ਅਸਾਂ ਦੋਹਾਂ ਨੇ ਇਕ ਪੁਲ ਜਲਾਇਆ ਸੀ
ਤੇ ਇਕ ਦਰਿਆ ਦੇ ਕੰਢਿਆਂ ਵਾਂਗੂੰ ਨਸੀਬ ਵੰਡੇ...


ਬਦਨ ਛੰਡੇ—
ਤਾਂ ਇਕ ਪਿੰਡੇ ਦੀ ਵੀਰਾਨੀ ਏਸ ਕੰਢੇ ਸੀ
ਤੇ ਇਕ ਪਿੰਡੇ ਦੀ ਵੀਰਾਨੀ ਓਸ ਕੰਢੇ...

ਫੇਰ ਰੁੱਤਾਂ ਨੇ ਜਦੋਂ ਵੀ ਕੁਝ ਫੁੱਲ ਦਿੱਤੇ—
ਤਾਂ ਤੂੰ ਵੀ ਉਹ ਪਿੰਡੇ ਤੋਂ ਤੋੜ ਦਿੱਤੇ,
ਤੇ ਮੈਂ ਵੀ ਉਹ ਰੁੱਤਾਂ ਨੂੰ ਮੋੜ ਦਿੱਤੇ
ਤੇ ਝੜੇ ਪੱਤਿਆਂ ਵਾਂਗੂੰ—
ਕਿੰਨੇ ਹੀ ਵਰ੍ਹੇ ਅਸਾਂ ਪਾਣੀ 'ਚ ਰੋੜ੍ਹ ਦਿੱਤੇ...


ਵਰ੍ਹੇ ਮੁੱਕੇ ਨੇ, ਪਰ ਪਾਣੀ ਨਹੀਂ ਸੁੱਕੇ,
ਤੇ ਵਗਦੇ ਪਾਣੀਆਂ ਵਿਚੋਂ ਪਰਛਾਵੇਂ ਤਾਂ ਵੇਖੇ,
ਪਰ ਮੂੰਹ ਨਹੀਂ ਤੱਕੇ...

ਤੇ ਏਸ ਤੋਂ ਪਹਿਲਾਂ—
ਕਿ ਕੁਝ ਵਿੱਥ ਤੇ ਖਲੋਤੇ ਅਸੀਂ ਮੁੱਕ ਜਾਈਏ
ਚੱਲ ! ਖਿੰਗੁਰਾਂ ਜਿਹੇ ਪਿੰਡੇ ਪਾਣੀ ਤੇ ਵਿਛਾਈਏ !

ਤੂੰ ਆਪਣੇ ਪਿੰਡੇ ਤੇ ਪੈਰ ਰੱਖੀਂ,
ਤੇ ਅੱਧੇ ਦਰਿਆ ਨੂੰ ਲੰਘ ਆਵੀਂ !
ਮੈਂ ਆਪਣੇ ਪਿੰਡੇ ਤੇ ਪੈਰ ਰੱਖਾਂਗੀ
—ਤੈਨੂੰ ਅੱਗੋਂ ਦੀ ਮਿਲਾਂਗੀ...



## ਅੱਲ੍ਹਾ !



ਅੱਲ੍ਹਾ ! ਇਹ ਕੌਣ ਆਇਆ ਹੈ !
ਕਿ ਤੇਰੀ ਜਗ੍ਹਾ ਜ਼ਬਾਨ ਤੇ
ਅਜ ਉਸ ਦਾ ਨਾਮ ਆਇਆ ਹੈ !

ਅੱਲ੍ਹਾ ! ਇਹ ਕੌਣ ਆਇਆ ਹੈ !
ਕਿ ਲੋਕ ਕਹਿੰਦੇ ਨੇ—
ਮੇਰੀ ਤਕਦੀਰ ਦੇ ਘਰ ਤੋਂ
ਮੇਰਾ ਪੈਗ਼ਾਮ ਆਇਆ ਹੈ !

ਅੱਲ੍ਹਾ ! ਇਹ ਕੌਣ ਆਇਆ ਹੈ !
ਇਹ ਨਸੀਬ ਧਰਤੀ ਦੇ—
ਕਿ ਉਸਦੇ ਹੁਸਨ ਨੂੰ
ਖ਼ੁਦਾ ਦਾ ਇਕ ਸਲਾਮ ਆਇਆ ਹੈ !

ਅੱਲ੍ਹਾ ! ਇਹ ਕੌਣ ਆਇਆ ਹੈ !
ਅਜ ਦਿਨ ਮੁਬਾਰਕ ਹੈ—
ਕਿ ਮੇਰੀ ਜ਼ਾਤ ਤੇ
ਅੱਜ ਇਸ਼ਕ ਦਾ ਇਲਜ਼ਾਮ ਆਇਆ ਹੈ !

ਅੱਲ੍ਹਾ ! ਇਹ ਕੌਣ ਆਇਆ ਹੈ !
ਅੱਜ ਨਜ਼ਰ ਵੀ ਹੈਰਾਨ ਹੈ—
ਕਿ ਮੇਰੇ ਰਾਹ ਵਿੱਚ
ਇਹ ਕੇਹੋ ਜਿਹਾ ਮੁਕਾਮ ਆਇਆ ਹੈ !

ਅੱਲ੍ਹਾ ! ਇਹ ਕੌਣ ਆਇਆ ਹੈ !
ਕਿ ਤੇਰੀ ਜਗ੍ਹਾ ਜ਼ਬਾਨ ਤੇ
ਅੱਜ ਉਸ ਦਾ ਨਾਮ ਆਇਆ ਹੈ !

## ਵਾਹ ਸੱਜਣ !

ਸੱਚ ਤੂੰ—ਸੁਪਨਾ ਵੀ ਤੂੰ
ਗ਼ੈਰ ਤੂੰ—ਅਪਨਾ ਵੀ ਤੂੰ

ਵਾਹ ਸੱਜਣ...ਵਾਹ ਸੱਜਣ...

ਖ਼ੁਦਾ ਦਾ ਇਕ ਅੰਦਾਜ਼ ਤੂੰ
ਕਿ ਫ਼ਜ਼ਰ ਦੀ ਨਮਾਜ਼ ਤੂੰ
ਜੱਗ ਦਾ ਇਨਕਾਰ ਤੂੰ
ਤੇ ਅਜ਼ਲ ਦਾ ਇਕਰਾਰ ਤੂੰ

ਵਾਹ ਸੱਜਣ...ਵਾਹ ਸੱਜਣ...

ਫ਼ਾਨੀ ਹੁਸਨ ਦਾ ਨਾਜ਼ ਤੂੰ
ਕਿ ਰੂਹ ਦੀ ਇਕ ਆਵਾਜ਼ ਤੂੰ
ਜੋਗ ਦਾ ਇਕ ਰਾਹ ਵੀ ਤੂੰ
ਇਸ਼ਕ ਦੀ ਦਰਗਾਹ ਵੀ ਤੂੰ



ਵਾਹ ਸੱਜਣ...ਵਾਹ ਸੱਜਣ...

ਆਸ਼ਕ ਦੀ ਇਕ ਸਦਾ ਵੀ ਤੂੰ
ਅੱਲ੍ਹਾ ਦੀ ਇਕ ਰਜ਼ਾ ਵੀ ਤੂੰ
ਇਹ ਸਾਰੀ ਕਾਇਨਾਤ ਤੂੰ
ਖ਼ੁਦਾ ਦੀ ਮੁਲਾਕਾਤ ਤੂੰ



ਵਾਹ ਸੱਜਣ...ਵਾਹ ਸੱਜਣ...

# ਤਿੜਕੇ ਘੜੇ ਦਾ ਪਾਣੀ

ਵੇ ਮੈਂ ਤਿੜਕੇ ਘੜੇ ਦਾ ਪਾਣੀ
ਕੱਲ੍ਹ ਤਕ ਨਹੀਂ ਰਹਿਣਾ...


ਇਸ ਪਾਣੀ ਦੇ ਕੰਨ ਤਰਿਹਾਏ
ਤ੍ਰੇਹ ਦੇ ਹੋਠਾਂ ਵਾਂਗੂੰ
ਓ ਮੇਰੇ ਠੰਢੇ ਘੁੱਟ ਦਿਆ ਮਿੱਤਰਾ !
ਕਹਿ ਦੇ ਜੋ ਕੁਝ ਕਹਿਣਾ...

ਅੱਜ ਦਾ ਪਾਣੀ ਕੀਕਣ ਲਾਹਵੇ
ਕੱਲ੍ਹ ਦੀ ਤ੍ਰੇਹ ਦਾ ਕਰਜ਼ਾ
ਨਾ ਪਾਣੀ ਨੇ ਕੰਨੀਂ ਬੱਝਣਾ
ਨਾ ਪੱਲੇ ਵਿਚ ਰਹਿਣਾ...

ਵੇਖ ਕਿ ਤੇਰੀ ਤ੍ਰੇਹ ਵਰ੍ਹਗੀ
ਇਸ ਪਾਣੀ ਦੀ ਮਜਬੂਰੀ
ਨਾ ਇਸ ਤੇਰੀ ਤ੍ਰੇਹ ਸੰਗ ਤੁਰਨਾ
ਨਾ ਇਸ ਏਥੇ ਬਹਿਣਾ...

ਅੱਜ ਦੇ ਪਿੰਡੇ ਪਾਣੀ ਲਿਸ਼ਕੇ
ਤ੍ਰੇਹ ਦੇ ਮੋਤੀ ਵਰਗਾ
ਪਰ ਅੱਜ ਦੇ ਪਿੰਡੇ ਨਾਲੋਂ ਕੱਲ੍ਹ ਨੇ
ਚਿੱਪਰ ਵਾਂਗੂੰ ਲਹਿਣਾ...

ਵੇ ਮੈਂ ਤਿੜਕੇ ਘੜੇ ਦਾ ਪਾਣੀ
ਕੱਲ੍ਹ ਤਕ ਨਹੀਂ ਰਹਿਣਾ...



## ਖ਼ਤ

ਯਾਰਾ ! ਤੂੰ ਖ਼ਤ ਤਾਂ ਲਿਖਿਆ ਸੀ
ਪਰ ਦੁਨੀਆਂ ਦੀ ਮਾਰਫ਼ਤ ਪਾਇਆ
ਤੇ ਮਿੱਤਰਾ ! ਮੁਹੱਬਤ ਦਾ ਖ਼ਤ
ਜੋ ਧਰਤੀ ਦੇ ਮੇਚ ਦਾ ਹੁੰਦਾ
ਜੋ ਅੰਬਰ ਦੇ ਨਾਪ ਦਾ ਹੁੰਦਾ
ਉਹ ਦੁਨੀਆਂ ਵਾਲਿਆਂ ਨੇ ਫੜ ਕੇ
ਇਕ ਕੌਮ ਜਿੱਡਾ ਕਤਰ ਕੇ
—ਕੌਮ ਦੇ ਮੇਚੇ ਦਾ ਕੀਤਾ ਸੀ...

ਤੇ ਫੇਰ ਸ਼ਹਿਰੀਂ ਗੱਲ ਹੁੱਲੀ ਸੀ
ਉਹ ਤੇਰਾ ਖ਼ਤ ਜੁ ਮੇਰੇ ਨਾਉਂ ਸੀ
ਲੋਕ ਕਹਿੰਦੇ ਕਿ ਮਜ਼ਹਬ ਦੇ ਪਿੰਡੇ
ਉਹ ਡਾਢਾ ਹੀ ਮੋਕਲਾ ਔਂਦਾ
ਸੋ ਖ਼ਤ ਦੀ ਇਬਾਰਤ ਨੂੰ ਉਹਨਾਂ
ਕਈ ਥਾਵਾਂ ਤੋਂ ਪਾੜ ਦਿੱਤਾ ਸੀ...

ਤੇ ਅੱਗੋਂ ਤੂੰ ਜਾਣਦਾ ਕਿ ਕਹੇ ਮੱਥੇ
ਜਿਨ੍ਹਾਂ ਦੀ ਸਮਝ ਦੇ ਪਿੰਡੇ
ਹਰ ਅੱਖਰ ਹੀ ਮੋਕਲਾ ਔਂਦਾ
ਉਹਨਾਂ ਨੇ ਆਪਣੇ ਮੱਥੇ
ਅੱਖਰਾਂ ਦੇ ਨਾਲ ਪਟਕੇ
ਤੇ ਹਰ ਅੱਖਰ ਉਧੇੜ ਦਿੱਤਾ ਸੀ...




ਤੇ ਮੈਨੂੰ ਜੋ ਖ਼ਤ ਨਹੀਂ ਮਿਲਿਆ
ਪਰ ਜਿਸ ਦੀ ਮਾਰਫ਼ਤ ਆਇਆ
ਉਹ ਦੁਨੀਆਂ ਦੁਖੀ ਹੈ—ਕਿ ਮੈਂ
—ਉਸ ਖ਼ਤ ਦੇ ਜਵਾਬ ਵਰਗੀ ਹਾਂ...

# ਸ਼ਿਕਵਾ

ਯਾਰ ਬਦਨੀਤੀਆ !
ਜੱਗੋਂ ਤਾਂ ਬਾਹਰੀ ਹੁੰਦੀ ਆਹੀ
ਇਤਿਹਾਸੋਂ ਬਾਹਰੀ ਤੂੰ ਕੀਤੀਆਂ...
ਯਾਰ ਬਦਨੀਤੀਆ !

ਤੂੰ ਤਾਂ ਸੁਣੀਂਦਾ ਸਾਹਾਂ ਦਾ ਵਾਲੀ
ਤੇ ਸਾਹਾਂ ਦਾ ਵਾਲੀ ਹੋ ਕੇ ਹਫ਼ਿਉਂ ?
ਪਰਜਾ ਤਾਂ ਆਕੀ ਹੁੰਦੀ ਆਹੀ
ਤੂੰ ਉਲਟੀ ਰਾਹ ਕਿਉਂ ਲੀਤੀਆ
ਯਾਰ ਬਦਨੀਤੀਆ !

ਤੋੜੇ ਹਿੱਕਾ ਉਲਾਂਭਾ ਮਲਕੁਲ ਦਿੱਤਾ
ਤੇ ਹਿੱਕੇ ਉਲਾਂਭੇ ਤੇਰਾ ਹੀਆ ਤਰੁੱਟਾ ?
ਤੈਂ ਲਈ ਹਯਾਤੀ ਦੇ ਲੈ ਲੈ ਉਲਾਂਭੇ
ਸਾਡੀ ਤਾਂ ਉਮਰਾਂ ਬੀਤੀਆਂ...
ਯਾਰ ਬਦਨੀਤੀਆ !



ਉਸ ਰੁੱਖ ਦਾ ਦੱਸ ਕੀ ਵੇ ਮੁਕੱਦਰ
ਤੇ ਉਸ ਡਾਲੀ ਦੀਆਂ ਕੀ ਤਕਸੀਰਾਂ ?
ਤੈਂ ਜਿਹੇ ਇਕ ਪੰਖੇਰੂ ਦੇ ਸੰਗ
ਜਿਸ ਅਸ਼ਨਾਈ ਕੀਤੀਆਂ...;
ਯਾਰ ਬਦਨੀਤੀਆ !

ਸ਼ਹਿਰ ਭੰਬੋਰ ਨਾ ਕਰੇ ਧਿੰਗਾਣਾ
ਚੱਲ ਯਾਰਾ ! ਜੇ ਕੀਚਮ ਜਾਣਾ
ਮੌਤ ਦੇ ਤੱਤੇ ਥਲ ਵੀ ਲੰਘਸਾਂ
ਅਸਾਂ ਯਾਰੀ ਤੈਂ ਸੰਗ ਕੀਤੀਆਂ...

ਯਾਰ ਬਦਨੀਤੀਆ !

## ਜ਼ਿਆਰਤ

ਅੱਜ ਦਿਲ ਦਰਿਆ ਦੇ ਕੰਢੇ ਤੇ
ਮੈਂ ਸੂਰਜ ਮਣਸਨ ਆਈ...

ਇਸ ਦਰਿਆ ਦੇ ਮੰਥਨ ਵਿਚੋਂ
ਇਹ ਸੂਰਜ ਮੈਂ ਲੀਤਾ
ਇਹ ਸੂਰਜ ਮੈਂ ਸਾਰੀ ਉਮਰਾ
ਮੱਥੇ ਧਾਰਣ ਕੀਤਾ
ਅੱਜ ਇਹ ਸੂਰਜ ਜੱਗ ਨੂੰ ਦੇਣਾ
ਮੱਥੇ ਦੀ ਅਸ਼ਨਾਈ
ਅੱਜ ਦਿਲ ਦਰਿਆ ਦੇ ਕੰਢੇ ਤੇ
ਮੈਂ ਸੂਰਜ ਮਣਸਨ ਆਈ...

ਪਾਣੀ ਦਾ ਘੁੱਟ ਦੇ ਦਰਿਆਵਾ !
ਜੱਗ ਦਾ ਹੱਥ ਧੁਆਵਾਂ
ਇਹ ਸੂਰਜ ਉਹਦੀ ਤਲੀ ਧਰਾਂ
ਤੇ ਉਸ ਨੂੰ ਕਹਿੰਦੀ ਜਾਵਾਂ
ਭਲਿਆ ! ਹਰ ਇਕ ਥਾਵੇਂ ਜਾ ਕੇ ਵੰਡੀਂ
ਚੂੰਢੀ ਕੁ ਰੁਸ਼ਨਾਈ
ਅੱਜ ਦਿਲ ਦਰਿਆ ਦੇ ਕੰਢੇ ਤੇ
ਮੈਂ ਸੂਰਜ ਮਣਸਨ ਆਈ...



ਇਸ ਦਰਿਆ ਦੀ ਇਹੋ ਜ਼ਿਆਰਤ
ਮੈਂ ਕਿੱਡੇ ਕਰਮ ਕਮਾਏ
ਕਿ ਆਪਣੇ ਦਿਲ ਦਰਿਆ ਦੇ ਵਿਚ
ਮੈਂ ਆਪਣੇ ਫੁੱਲ ਪ੍ਰਵਾਹੇ
ਯਾ ਅੱਲ੍ਹਾ ! ਇਹ ਦਰ ਦਰਵੇਸ਼ੀ
ਕੌਣ ਮੁਕਾਮ ਲਿਆਈ
ਅੱਜ ਦਿਲ ਦਰਿਆ ਦੇ ਕੰਢੇ ਤੇ
ਮੈਂ ਸੂਰਜ ਮਣਸਨ ਆਈ...

## ਸੂਰਜ

ਬੱਦਲਾਂ ਦੇ ਮਹਿਲੀਂ ਮੇਰਾ ਸੂਰਜ ਸੁੱਤਾ
ਜਿੱਥੇ ਬਾਰੀ ਨਾ ਬੂਹਾ ਨਾ ਪੌੜੀ
ਤੇ ਸਦੀਆਂ ਦੇ ਹੱਥਾਂ ਨੇ ਡੰਡੀ ਜੋ ਲੀਕੀ
ਉਹ ਸੋਚਾਂ ਦੇ ਪੈਰਾਂ ਨੂੰ ਸੌੜੀ...

ਉਹਦਾ ਨਾ ਕੋਈ ਥਹੁ
ਨਾ ਪਤਾ ਨਿਸ਼ਾਨੀ
ਮੈਂ ਜਾਣਾ ਤੇ ਜਾਣਾ
ਇਕ ਚਿਣਗ ਜਹੀ—
ਮੇਰੇ ਮੱਥੇ ਨੂੰ ਮੁੜ ਮੁੜ ਅਹੁੜੀ...

ਤੇ ਚਾਨਣ ਦੀ ਮਹਿੰਦੀ
ਮੈਂ ਤਲੀਆਂ ਤੇ ਲਾਈ
ਅੱਜ ਦੁੱਖਾਂ ਦੀ ਕਾਲੀ
ਤੇ ਕੱਕਰੀ ਰਾਤੇ
ਉਹਦੀ ਕਿਰਨ ਜਦੋਂ ਮੈਨੂੰ ਬਹੁੜੀ...

ਬੱਦਲਾਂ ਦੇ ਮਹਿਲੀਂ ਮੇਰਾ ਸੂਰਜ ਸੁੱਤਾ
ਜਿੱਥੇ ਬਾਰੀ ਨਾ ਬੂਹਾ ਨਾ ਪੌੜੀ...




## ਪੰਜਵਾਂ ਚਿਰਾਗ਼

ਨਾ ਕੋਈ ਵੁਜ਼ੂ ਤੇ ਨਾ ਕੋਈ ਸਜਦਾ
ਨਾ ਮੰਨਤ ਮੰਗਣ ਆਈ
ਚਾਰ ਚਿਰਾਗ਼ ਤੇਰੇ ਬਲਣ ਹਮੇਸ਼ਾਂ
ਮੈਂ ਪੰਜਵਾਂ ਬਾਲਣ ਆਈ...

ਦੁੱਖਾਂ ਦੀ ਘਾਣੀ ਮੈਂ ਤੇਲ ਕਢਾਇਆ
ਮੱਥੇ ਦੀ ਤੀਊੜੀ—ਇੱਕ ਰੂੰ ਦੀ ਬੱਤੀ
ਮੈਂ ਮੱਥੇ ਦੇ ਵਿਚ ਪਾਈ...
ਚਾਰ ਚਿਰਾਗ਼ ਤੇਰੇ ਬਲਣ ਹਮੇਸ਼ਾਂ
ਮੈਂ ਪੰਜਵਾਂ ਬਾਲਣ ਆਈ...

ਸੋਚਾਂ ਦੇ ਸਰਵਰ ਹੱਥਾਂ ਨੂੰ ਧੋਤਾ
ਮੱਥੇ ਦਾ ਦੀਵਾ ਮੈਂ ਤਲੀਆਂ ਤੇ ਧਰਿਆ
ਤੇ ਰੂਹ ਦੀ ਅੱਗ ਛੁਹਾਈ...
ਚਾਰ ਚਿਰਾਗ਼ ਤੇਰੇ ਬਲਣ ਹਮੇਸ਼ਾਂ
ਮੈਂ ਪੰਜਵਾਂ ਬਾਲਣ ਆਈ.

ਤੂੰਹੋਂ ਤਾਂ ਦਿੱਤਾ ਸੀ ਮਿੱਟੀ ਦਾ ਦੀਵਾ
ਮੈਂ ਅੱਗ ਦਾ ਸ਼ਗਣ ਉਸੇ ਨੂੰ ਪਾਇਆ
ਤੇ ਅਮਾਨਤ ਮੋੜ ਲਿਆਈ...
ਚਾਰ ਚਿਰਾਗ਼ ਤੇਰੇ ਬਲਣ ਹਮੇਸ਼ਾਂ
ਮੈਂ ਪੰਜਵਾਂ ਬਾਲਣ ਆਈ...



## ਰੱਬ ਖ਼ੈਰ ਕਰੇ

ਰੱਬ ਖ਼ੈਰ ਕਰੇ ਮੇਰੇ ਵੇਹੜੇ ਦੀ
ਕਿ ਜਿਸ ਥਾਂ ਰਾਂਝਣ ਡੇਰਾ ਕੀਤਾ
ਉਥੇ ਧਮਕ ਸੁਣੀਂਦੀ ਖੇੜੇ ਦੀ...

ਅੱਜ ਚਾਰੇ ਕੰਧਾਂ ਦੇਣ ਦੁਹਾਈਆਂ
ਕਿ ਅੱਜ ਮਲਕੀ ਦੀ ਬੁੱਕਲ ਵਿਚੋਂ
ਦੁੱਧ ਦੀਆਂ ਬੂੰਦਾਂ ਕਿਹਨੇ ਚੁਰਾਈਆਂ...
ਰੱਬ ਖ਼ੈਰ ਕਰੇ ਮੇਰੇ ਵੇਹੜੇ ਦੀ...

ਅੱਜ ਬੇਲੇ ਦੀਆਂ ਮੱਝੀਂ ਰੋਈਆਂ
ਕਿ ਅੱਜ ਇਸ ਮੇਰੀ ਦੋਹਣੀ ਦੇ ਵਿਚ
ਕਿਸ ਨੇ ਲਹੂ ਦੀਆਂ ਧਾਰਾਂ ਚੋਈਆਂ...
ਰੱਬ ਖ਼ੈਰ ਕਰੇ ਮੇਰੇ ਵੇਹੜੇ ਦੀ...

ਅੱਜ ਹਰ ਇਕ ਬਸਤਾ ਪੁੱਛਣ ਆਇਆ
ਕਿ ਅੱਜ ਮੇਰੇ ਮਦਰੱਸੇ ਵਿਚੋਂ
ਸੱਚ ਦਾ ਅੱਖਰ ਕਿਹਨੇ ਛੁਪਾਇਆ...
ਰੱਬ ਖ਼ੈਰ ਕਰੇ ਮੇਰੇ ਵੇਹੜੇ ਦੀ...



## ਵਣ ਦੇਵਤਾ

ਚੰਦਨ ਦੇ ਰੁੱਖ ਦੀ ਸੇਧੇ,
ਅਸ਼ੋਕ-ਵਾਟਿਕਾ ਦੇ ਪਿੱਛੇ
ਮਿਰਜ਼ੇ ਦੀ ਜੰਡ ਦੇ ਨੇੜੇ,
ਤੇ ਬੋਧੀ ਬਿਰਛ ਦੇ ਲਾਗੇ
ਇਕ ਪ੍ਰੇਤੀ ਰੁੱਖ ਦਿਸਦਾ ਹੈ...

ਪ੍ਰਾਣਾਂ ਦੀ ਪੌਣ ਚਲਦੀ ਹੈ—
ਤਾਂ ਜਿਸ ਤਰ੍ਹਾਂ ਇਕ ਜਿੰਦ ਕੰਬੇ
ਉਸ ਤਰ੍ਹਾਂ ਇਕ ਟਾਹਣ ਹਿਲਦੀ ਹੈ—

ਪ੍ਰਾਣਾਂ ਦੀ ਪੌਣ ਚਲਦੀ ਹੈ—
ਤਾਂ ਜਿਸ ਤਰ੍ਹਾਂ ਇਕ ਸਿਵਾ ਦਿੱਸੇ,
ਰੁੱਖ ਦੇ ਵਿਚ ਅੱਗ ਬਲਦੀ ਹੈ..

ਪ੍ਰਾਣਾਂ ਦੀ ਪੌਣ ਚਲਦੀ ਹੈ—
ਤਾਂ ਹਰ ਇਕ ਫੁੱਲ ਦੀ ਪੱਤੀ,
ਤਲੀਆਂ ਤੇ ਅੱਗ ਮਲਦੀ ਹੈ...

ਪ੍ਰਾਣਾਂ ਦੀ ਪੌਣ ਚਲਦੀ ਹੈ—
ਤਾਂ ਅੱਗ ਇਸ ਤਰ੍ਹਾਂ ਤੁਰਦੀ,
ਜਿਉਂ ਜੰਗਲ ਦੀ ਵ੍ਹਾ ਝੁਲਦੀ ਹੈ—

ਵਣ ਦੇਵਤਾ !
ਇਹ ਅੱਗ ਜਦੋਂ ਤੁਰਦੀ ਹੈ,
ਤਾਂ ਰਾਹੀਆਂ ਦੇ ਸੰਗ ਰਲਦੀ ਹੈ...

ਇਹ ਅਗਨੀ-ਮਿਰਗ ਬਣਦੀ ਹੈ,
ਤਾਂ ਰਾਹੀਆਂ ਦੇ ਰਾਹ ਛਲਦੀ ਹੈ


ਇਹ ਅਗਨੀ-ਦੂਤ ਬਣਦੀ ਹੈ,
ਤਾਂ ਰਾਹੀਆਂ ਦੀ ਰੱਤ ਡੁਲ੍ਹਦੀ ਹੈ

ਇਹ ਅਗਨੀ-ਬਾਣ ਬਣਦੀ ਹੈ,
ਤਾਂ ਲਹੂ ਦੀ ਇਕ ਨਦੀ ਚਲਦੀ ਹੈ...

ਵਣ ਦੇਵਤਾ ! ਅੱਜ ਤੇਰੀ ਦੁਹਾਈ ਹੈ
ਇਸ ਪ੍ਰੇਤੀ ਰੁੱਖ ਦੀ ਗਾਥਾ,
ਮੈਂ ਜੀਕਣ ਸੁਣੀ ਤੇ ਸੁਣਾਈ ਹੈ—
ਤੂੰ ਵਿਸ਼੍ਵਕਰਮਾ ਨੂੰ ਸੁਣਾ !

ਤੇ ਦੇਵ-ਰਥ ਘੜਣ ਵਾਲੇ ਤੋਂ,
ਅੱਜ ਇਕ ਆਰੀ ਲਿਆ !

ਵਣ ਦੇਵਤਾ ! ਵਣ ਦੇਵਤਾ !




# ਮਾਏ ਨੀ...

ਮਾਏ ਨੀ ਮੇਰਾ ਖਿਜ਼ਰ ਗੁਆਚਾ
ਸੱਭੇ ਥਾਨ ਮੈਂ ਸੁੰਝੇ ਡਿੱਠੇ
ਕਿਤੇ ਨਾ ਦੱਸਾਂ ਪਈਆਂ—
ਨੀ ਮੇਰਾ ਖ਼ਿਜ਼ਰ ਗੁਆਚਾ...

ਜਿਹੜੇ ਪੱਤਣਾਂ ਤੇ ਉਹ ਵੱਸਦਾ
ਮੇਰਾ ਖ਼ਿਜ਼ਰ ਮੈਂ ਅੱਖੀਂ ਡਿੱਠਾ
ਉਹੀਉ ਸਾਰੇ ਪੱਤਣ ਕਿੱਥੇ ?
ਨਦੀਆਂ ਕਿੱਥੇ ਗਈਆਂ ?
ਨੀ ਮੇਰਾ ਖ਼ਿਜ਼ਰ ਗੁਆਚਾ...

ਨਦੀਆਂ ਦੀ ਇਹ ਕਹੀ ਯਾਤ੍ਰਾ
ਅੰਬਰ ਦੇ ਇਕ ਸੁਪਨੇ ਜਹੀਆਂ
ਪਰਬਤ ਦੀ ਛਾਤੀ ਤੋਂ ਤੁਰੀਆਂ
ਸ਼ਹੁ ਦਰਿਆ ਨਾ ਪਈਆਂ—
ਨੀ ਮੇਰਾ ਖ਼ਿਜ਼ਰ ਗੁਆਚਾ...

ਕਹੇ ਮੁਹਾਣੇ ਜੁੜੇ ਇਹਨਾਂ ਨੂੰ
ਰੇਤ ਥਲਾਂ ਦੇ ਰਾਹ ਤੇ ਪਾਇਆ
ਕਿਵੇਂ ਸੁੱਕੀਆਂ ਕਿਵੇਂ ਸਿਸਕੀਆਂ
ਕਿਸੇ ਨਾ ਸੁਰਤਾਂ ਲਈਆਂ—
ਨੀ ਮੇਰਾ ਖ਼ਿਜ਼ਰ ਗੁਆਚਾ...



# ਦ੍ਰੋਪਦੀ

ਮੈਂ ਜਨਮ ਜਨਮ ਦੀ ਦ੍ਰੋਪਦੀ
ਮੈਂ ਪੰਜ ਤੱਤ ਦੀ ਕਾਇਆ
ਪੰਜ ਤੱਤ ਪਰਣਾਈ...

ਇੱਕ ਜਨਮ ਮੈਂ ਇਹੋ ਦ੍ਰੋਪਦੀ
ਜੂਏ ਦੀ ਇਕ ਵਸਤੂ ਵਰਗੀ
ਰਾਜ ਸਭਾ ਵਿਚ ਆਈ...

ਏਸ ਜਨਮ ਵੀ ਉਹਨਾਂ ਕੌਰਵਾਂ
ਉਹੀਓ ਚਿਹਰੇ ਉਹੀਓ ਮੋਹਰੇ
ਉਹੀ ਬਿਸਾਤ ਵਿਛਾਈ...


ਉਹੀ ਪੰਜ ਤੱਤ ਦੀ ਕਾਇਆ
ਮੈਂ ਉਹੀਓ ਨਾਰ ਦ੍ਰੋਪਦੀ
ਅਜ ਜੂਆ ਖੇਡਣ ਆਈ...

ਸਗਲ ਸਮਾਜ ਕੌਰਵਾਂ ਜਿੱਤਿਆ
ਤੇ ਅਗਲਾ ਦਾਅ ਜਦ ਖੇਡਣ ਲੱਗੇ
ਸਗਲ ਸਿਆਸਤ ਲਾਈ...

ਮੈਂ ਸੱਜੇ ਹੱਥ ਸਮਾਜ ਹਾਰਿਆ
ਖੱਬੇ ਹੱਥ ਸਿਆਸਤ ਹਾਰੀ
ਪਰ ਕੌਰਵ ਦੇਣ ਦੁਹਾਈ...

ਕਿ ਪੰਜ ਤੱਤ ਪੰਜ ਪਾਂਡਵ ਮੇਰੇ
ਮੈਂ ਭਰੀ ਸਭਾ ਦੇ ਵਿਚੋਂ ਉੱਠੀ
ਪੰਜੇ ਜਿੱਤ ਲਿਆਈ...

ਮੈਂ ਜਨਮ ਜਨਮ ਦੀ ਦ੍ਰੋਪਦੀ...



## ਸੁੰਦਰਾਂ

ਤੂੰ ਜਨਮ ਜਨਮ ਦਾ ਪੂਰਨ ਜੋਗੀ
ਮੈਂ ਜਨਮ ਜਨਮ ਦੀ ਸੁੰਦਰਾਂ...

ਇੱਕ ਜਨਮ ਮੈਂ ਇਹੀ ਸੁੰਦਰਾਂ
ਭਗਵਾ ਪਹਿਰਨ ਵੇਖ ਕੇ ਮੋਹੀ
ਮੈਂ ਜਿਉਂ ਹੀ ਮੋਤੀ ਅਰਪਣ ਲੱਗੀ
ਭਗਵਾ ਪਹਿਰਨ ਅੰਬਰ ਬਣਿਆ
ਤੇ ਮੈਂ ਧਰਤੀ ਦੀ ਰੋਹੀ...

ਇੱਕ ਜਨਮ ਮੈਂ ਇਹੀ ਸੁੰਦਰਾਂ
ਇਕ ਹੀਰ ਨਿਮਾਣੀ ਹੋਈ
ਰਾਂਝਣ ਜੋਗੀ ਅਲਖ ਜਗਾਈ
ਗਲ ਦਾ ਪਹਿਰਨ ਕਬਰ ਦੀ ਮਿੱਟੀ
ਮੇਰੀ ਚੁੰਨੀ ਕਫ਼ੱਨ ਹੋਈ...

ਇੱਕ ਜਨਮ ਮੈਂ ਇਹੀ ਸੁੰਦਰਾਂ
ਪੂਰਨ ਇਕ ਪਰਦੇਸੀ ਕੋਈ
ਜੋ ਪਹਿਰਨ ਸੀ ਅੰਬਰ ਬਣਿਆ
ਉਹੀਓ ਪਹਿਰਨ ਜਲ ਥਲ ਹੋਇਆ
ਮੈਂ ਭਰੀ ਝਨਾਂ ਵਿਚ ਮੋਈ...

ਇੱਕ ਜਨਮ ਮੈਂ ਇਹੀ ਸੁੰਦਰਾਂ
ਵਤ ਮੈਂ ਸੱਸੀ ਨਾਮ ਧਰਾਇਆ
ਜੋ ਪਹਿਰਨ ਸੀ ਜਲ ਥਲ ਬਣਿਆ
ਉਹੀਓ ਰੇਤ ਦਾ ਕਣ ਕਣ ਹੋਇਆ
ਮੈਂ ਵਿੱਚ ਥਲਾਂ ਦੇ ਰੋਈ...

ਤੇ ਏਸ ਜਨਮ ਮੈਂ ਉਹੀ ਸੁੰਦਰਾਂ
ਉਹੀਓ ਇਸ਼ਕ ਹਯਾਤੀ ਬਣਿਆ
ਅਜ ਭਗਵਾ ਪਹਿਰਨ ਕੋਰਾ ਕਾਗ਼ਜ਼
ਮੈਂ ਕੋਰੇ ਕਾਗ਼ਜ਼ ਦੇ ਗਲ ਲੱਗੀ
ਤੇ ਅੱਖਰ ਅੱਖਰਾਂ ਹੋਈ...

ਤੂੰ ਜਨਮ ਜਨਮ ਦਾ ਪੂਰਨ ਜੋਗੀ
ਮੈਂ ਜਨਮ ਜਨਮ ਦੀ ਸੁੰਦਰਾਂ...




## ਰੱਬ ਜੀ !

ਰੱਬ ਜੀ ! ਤੂੰ ਮੇਰੇ ਰੁੱਖ ਤੇ ਆ ਕੇ
ਇਕ ਦਿਨ ਮੰਨਤ ਮੰਨੀ
ਤੇ ਚੋਲੇ ਨਾਲੋਂ ਪਾੜ ਕੇ ਕੰਨੀ
ਰੁੱਖ ਦੀ ਟਾਹਣੀ ਬੰਨ੍ਹੀ...

ਮੈਂ ਆਪਣੇ ਲਹੂ ਦਾ ਇਕ ਇਕ ਟੇਪਾ
ਇਕ ਇਕ ਅੱਖਰ ਘੜਿਆ
ਤੇ ਉਹੀਉ ਮੇਰਾ ਇਕ ਇਕ ਅੱਖਰ
ਜੱਗ ਦੀ ਸੂਲੀ ਚੜ੍ਹਿਆ
ਮੈਂ ਏਸ ਜਨਮ ਦੀ ਲਾਜ ਬਚਾਈ
ਅੱਖ ਕਦੇ ਨਾ ਰੁੰਨੀ...
ਰੱਬ ਜੀ ਤੂੰ ਮੇਰੇ ਰੁੱਖ ਤੇ ਆ ਕੇ
ਇਕ ਦਿਨ ਮੰਨਤ ਮੰਨੀ...

ਆਵੋ ਰੱਬ ਜੀ ਰੁੱਖ ਨਾਲੋਂ
ਹੁਣ ਟਾਕੀ ਖੋਲ੍ਹਣ ਆਵੋ !
ਤੇ ਰੂਹ ਦਾ ਇਕ ਅਖ਼ੀਰੀ ਅੱਖਰ
ਆਪਣੀ ਝੋਲੀ ਪਾਵੋ !
ਇਸ ਰੁੱਖ ਤੁਸਾਂ ਜੋ ਮੰਨਤ ਮੰਨੀ
ਉਹੀਉ ਮੰਨਤ ਪੁੰਨੀ...
ਰੱਬ ਜੀ ! ਤੂੰ ਮੇਰੇ ਰੁੱਖ ਤੇ ਆ ਕੇ
ਇਕ ਦਿਨ ਮੰਨਤ ਮੰਨੀ...



## ਦਰਸ਼ਕ

ਮੈਂ—ਉਸ ਛਿਣ ਦੀ ਦਰਸ਼ਕ ਹਾਂ...

ਜਦ—ਸੂਰਜ ਦੀ ਇਕ ਕਿਰਨ ਨੂੰ
ਅਚਾਨਕ ਇਕ ਖ਼ਿਆਲ ਆਇਆ ਸੀ
ਮੈਂ ਅੰਬਰੀ ਧੂੜਾਂ ਨੂੰ ਛੰਡ ਦਿੱਤਾ
ਤੇ ਕਰਮ ਧੂੜ ਨੂੰ ਮੱਥੇ ਤੇ ਲਾਇਆ ਸੀ
ਮੈਂ—ਉਸ ਛਿਣ ਦੀ ਦਰਸ਼ਕ ਹਾਂ...

ਤੇ ਜਦੋਂ ਕਰਮ ਧੂੜ ਦਾ ਕਿਣਕਾ
ਕਿਣਕੇ ਦਾ ਸਾਕ ਲੱਭਣ ਤੁਰ ਪਿਆ
ਤੇ ਮਾਸ ਦੀ ਇਕ ਕੁੱਖ ਵਿਚ ਜਾ ਕੇ
ਸੰਕਲਪ ਵਾਂਗੂੰ ਭਰ ਗਿਆ
ਮੈਂ—ਉਸ ਛਿਣ ਦੀ ਦਰਸ਼ਕ ਹਾਂ...

ਤੇ ਜਦੋਂ ਸੂਰਜ ਦੀ ਕਿਰਨ ਭੋਰ ਕੇ
ਉਸ ਮਾਸ ਦੇ ਵਿਚ ਬੀਜ ਦਿੱਤੀ
ਤੇ ਜਦੋਂ ਇਕ ਨੱਛਤਰ ਨੇ ਹੱਸ ਕੇ
ਉਸ ਬੀਜ ਦੀ ਵਿਆਖਿਆ ਕੀਤੀ
ਮੈਂ—ਉਸ ਛਿਣ ਦੀ ਦਰਸ਼ਕ ਹਾਂ...

ਇਹ ਕਿਣਕੇ ਦਾ ਇਸ਼ਕ ਸੀ—ਤੇ ਓਹੀ
ਜਦ ਹਉਕੇ ਦੀ ਜੂਨ ਆਇਆ
ਤੇ ਹਉਕਾ ਜਦ ਛਾਤੀ ਚੋਂ ਨਿਕਲਿਆ
ਮੈਂ ਤਿਲਕ ਵਾਂਗੂੰ ਮੱਥੇ ਤੇ ਲਾਇਆ
ਮੈਂ—ਉਸ ਛਿਣ ਦੀ ਦਰਸ਼ਕ ਹਾਂ...



# ਕੱਲ੍ਹ ਰਾਤੀ


ਕੱਲ੍ਹ ਰਾਤੀ—
ਮੈਂ ਅਚੇਤ ਮਨ ਦੇ ਖੰਡਰਾਂ ਵਿਚ ਗਈ ਸਾਂ...

ਵੇਖਿਆ—ਕੁਝ ਪਲ ਸਨ, ਕੁਝ ਛਿਣ—
ਜੋ ਸ਼ਾਇਦ ਕਦੇ ਪੌਣਾਂ ਦੇ ਵਿਚ ਸਿਸਕਦੇ ਖਲੋ ਗਏ
ਤੇ ਉਹਨਾਂ ਦੇ ਪੈਰ ਉਥੇ ਹੀ ਪੱਥਰ ਦੇ ਹੋ ਗਏ...
ਤੇ ਫੇਰ ਖੌਰੇ ਉਨ੍ਹਾਂ ਦੇ ਸਾਏ ਬੜਾ ਚਿਰ ਕੰਬਦੇ ਰਹੇ
ਤੇ ਪੱਥਰਾਂ ਦੀ ਪਿੱਠ ਉਤੇ ਕਾਹੀ ਵਾਂਗ ਜੰਮਦੇ ਰਹੇ...

ਵੇਖਿਆ—ਕਿ ਇਕ ਪਾਸੇ ਮਹਲ ਦਾ ਟੁੱਟਾ ਮੀਨਾਰ ਸੀ
ਤੇ ਇਕ ਪਾਸੇ ਇਕ ਮਠ ਦੀ ਟੁੱਟੀ ਦੀਵਾਰ ਸੀ
ਜਿਸ ਪੱਥਰ ਦੀ ਕਾਹੀ ਨੂੰ ਮੈਂ ਪੋਟਿਆਂ ਦੇ ਨਾਲ ਛੋਹਿਆ
ਉਹ ਪਹਿਲਾਂ ਤਾਂ ਹੱਸਿਆ, ਫੇਰ ਰੱਜ ਕੇ ਰੋਇਆ...

ਓ ਮੇਰਿਆ ਖ਼ੁਦਾਇਆ ! ਇਹ ਕਹੀ ਵਰਤੀ ਹੈ
ਇਹ ਕਿਹੜੀ ਹੋਸ਼ ਹੈ, ਜੋ ਹੁਣੇ ਖੰਡਰਾਂ ਤੋਂ ਪਰਤੀ ਹੈ
ਲੱਤਾਂ ਤੇ ਪੈਰ ਮੇਰੇ ਇਸ ਤਰ੍ਹਾਂ ਅੰਬੇ ਹੋਏ
ਜਿਸ ਤਰ੍ਹਾਂ ਇਹ ਕਈ ਜਨਮਾਂ ਦਾ ਪੈਂਡਾ ਸੀ
ਤੇ ਇੱਕੋ ਸਾਹ, ਮੈਂ ਕਈ ਕਾਲ ਤੁਰਦੀ ਰਹੀ...

ਤੇ ਹੁਣ ਸਾਹਮਣੇ ਦਿਸਦਾ ਪਿਆ—
ਕਿ ਉਨ੍ਹਾਂ ਪੱਥਰਾਂ ਦੀ ਕਾਹੀ
ਮੇਰੇ ਪੋਟਿਆਂ ਤੋਂ ਭੁਰਦੀ ਪਈ...



## ਮੈਂ ਦ੍ਰਵੜ ਦੇਸ ਦੀ ਜਾਈ–


ਆਪੇ ਆਪਣੀ ਕਾਮ-ਕੰਨਿਆ
ਆਪੇ ਆਪਣੀ ਕਾਲ-ਕੰਨਿਆ
ਕਾਇਆ ਧਾਰਣ ਆਈ...
ਮੈਂ ਦ੍ਰਵੜ ਦੇਸ ਦੀ ਜਾਈ...

ਵਾਰੋ ਵਾਰੀ ਚਾਰ ਯੁਗਾਂ ਦੀ
ਮੈਂ ਪ੍ਰਦਖੱਣਾ ਕੀਤੀ
ਵਤ ਮੈਂ ਬਣੀ ਲੁਕਾਈ...
ਮੈਂ ਦ੍ਰਵੜ ਦੇਸ ਦੀ ਜਾਈ...

ਮੰਦਰ ਮਹਿਲ ਤੇ ਝੁੱਗੀ ਕੋਠਾ
ਇਸ ਕਾਇਆ ਨੂੰ ਵਲਦਾ ਰਹਿੰਦਾ
ਮਿੱਟੀ ਦੀ ਅਸ਼ਨਾਈ...
ਮੈਂ ਦ੍ਰਵੜ ਦੇਸ ਦੀ ਜਾਈ...

ਇੱਜ਼ਤ ਦੀ ਇਕ ਸੂਹੀ ਟਾਕੀ
ਹੱਤਕ ਦੀ ਇਕ ਕਾਲੀ ਟਾਕੀ
ਪੌਣਾਂ ਵਿਚ ਲਹਿਰਾਈ...
ਮੈਂ ਦ੍ਰਵੜ ਦੇਸ ਦੀ ਜਾਈ...

ਕਾਇਆ ਦੇ ਇਸ ਰੰਗ ਮੰਚ ਤੇ
ਦੋਵੇਂ ਪਹਿਰਣ ਪਾਏ ਉਤਾਰੇ
ਆਪਣੇ ਵਿਚ ਸਮਾਈ...
ਮੈਂ ਦ੍ਰਵੜ ਦੇਸ ਦੀ ਜਾਈ...



## ਅੱਖਰ

ਸਾਡੀ ਚੁੱਪ ਦੀ ਗਲੀਉਂ ਲੰਘੇ
ਅੱਖਰਾਂ ਦੇ ਪਰਛਾਵੇਂ...

ਮਨ ਦੀ ਡੰਡੀਉ ਡੰਡੀ ਤੁਰਦੇ
ਕਲਮਾਂ ਵਿੱਚ ਕਿਆਮ ਨਾ ਕਰਦੇ


ਨਾ ਸ਼ਾਹੀਆਂ ਦੀ ਧੁੱਪੇ ਬਹਿੰਦੇ
ਨਾ ਕਾਗ਼ਜ਼ ਦੀ ਛਾਵੇਂ...

ਸਾਡੀ ਚੁੱਪ ਦੀ ਗਲੀਉਂ ਲੰਘੇ
ਅੱਖਰਾਂ ਦੇ ਪਰਛਾਵੇਂ...

ਸੂਰਤ ਕਦੇ ਨਾ ਗਈ ਸਿਞਾਣੀ
ਉਹਨਾਂ ਨੇ ਕੁਝ ਪੈੜ ਪਛਾਣੀ

ਜਿੰਨ੍ਹਾਂ ਨੂੰ ਕੁਝ ਚੇਤੇ ਰਹਿ ਗਏ
ਛਾਤੀ ਦੇ ਸਰਨਾਵੇਂ...

ਸਾਡੀ ਚੁੱਪ ਦੀ ਗਲੀਉਂ ਲੰਘੇ
ਅੱਖਰਾਂ ਦੇ ਪਰਛਾਵੇਂ...



## ਚੁੱਪ ਦਾ ਰੁੱਖ


ਨਹੀਂ—ਚੁੱਪ ਦੇ ਇਸ ਰੁੱਖ ਤੋਂ
ਮੈਂ ਅੱਖਰ ਨਹੀਂ ਤੋੜੇ
ਇਹ ਤਾਂ ਜੋ ਰੁੱਖ ਨਾਲੋਂ ਝੜੇ ਸੀ
ਮੈਂ ਉਹੀ ਅੱਖਰ ਚੁਣਦੀ ਰਹੀ...

ਨਹੀਂ—ਤੁਸਾਂ ਨੂੰ ਜਾਂ ਕਿਸੇ ਨੂੰ
ਮੈਂ ਕੁਝ ਨਹੀਂ ਆਖਿਆ
ਇਹ ਤਾਂ ਜੋ ਲਹੂ ਵਿੱਚ ਬੋਲੇ ਸੀ
ਮੈਂ ਉਹੀ ਹਰਫ਼ ਸੁਣਦੀ ਰਹੀ...

ਇਕ ਬਿਜਲੀ ਦੀ ਲੰਬੀ ਲਕੀਰ ਸੀ
ਛਾਤੀ ਚੋਂ ਲੰਘੀ ਸੀ
ਇਹ ਤਾਂ ਕੁਝ ਉਸੇ ਦੇ ਟੋਟੇ
ਮੈਂ ਪੋਟਿਆਂ ਤੇ ਗਿਣਦੀ ਰਹੀ...

ਤੇ ਚੰਨ ਨੇ ਚਰਖੇ ਤੇ ਬਹਿ ਕੇ
ਜੋ ਬੱਦਲ ਦੀ ਕਪਾਹ ਕੱਤੀ
ਇਹ ਤਾਂ ਕੁਝ ਉਹੀ ਧਾਗੇ ਨੇ
ਮੈਂ ਖੱਡੀ ਤੇ ਉਣਦੀ ਰਹੀ...


ਨਹੀਂ—ਚੁੱਪ ਦੇ ਇਸ ਰੁੱਖ ਤੋਂ
ਮੈਂ ਅੱਖਰ ਨਹੀਂ ਤੋੜੇ
ਇਹ ਤਾਂ ਜੋ ਰੁੱਖ ਨਾਲੋਂ ਝੜੇ ਸੀ
ਮੈਂ ਉਹੀ ਅੱਖਰ ਚੁਣਦੀ ਰਹੀ...



# ਦੋਸਤੋ !

ਦੋਸਤੋ ! ਉਦਾਸੀਆਂ ਦਾ ਮੌਸਮ ਬਹੁਤ ਲੰਬਾ ਏ...
ਸਾਡਾ ਇਕ ਸ਼ਾਇਰ ਏ ਜੋ ਕਈ ਵਰ੍ਹਿਆਂ ਤੋਂ
ਜਦੋਂ ਵੀ ਕੋਈ ਵਰ੍ਹਾ ਜਾਂਦਾ ਏ
ਤਾਂ ਕੈਦ ਬ਼ਾਮੁਸ਼ੱਕਤ ਕੱਟ ਕੇ
ਕੈਦ 'ਚੋਂ ਰਿਹਾ ਹੁੰਦੇ ਵਰ੍ਹੇ ਨੂੰ ਮਿਲਦਾ
ਤੇ ਪਾਲੇ 'ਚ ਠੁਰਕਦੇ ਮੋਢਿਆਂ ਉੱਤੇ
ਉਹਦਾ ਪਾਟਾ ਖੇਸ ਦੇਂਦਾ,
ਉਹਨੂੰ ਅਲਵਿਦਾ ਕਹਿੰਦਾ
ਵਕਤ ਦੇ ਇਕ ਮੋੜ ਉੱਤੇ ਛੱਡ ਔਂਦਾ ਏ
ਤੇ ਕਿਸੇ ਦੀ ਦਰਗਾਹ ਉੱਤੇ
ਇਕੱਲਾ ਬੈਠ ਕੇ ਦੁਆ ਕਰਦਾ ਏ
ਕਿ ਔਣ ਵਾਲਿਆ ! ਸੁੱਖ ਦਾ ਆਵੀਂ ! ਖ਼ੈਰ ਦਾ ਆਵੀਂ !

ਦੋਸਤੋ ! ਇਹ ਚੰਦਰਾ ਮੌਸਮ ਬਹੁਤ ਲੰਬਾ ਏ
ਬਾਰੂਦੀ ਹਵਾਵਾਂ ਵਗਦੀਆਂ
ਤਾਂ ਰੁੱਖਾਂ ਦੇ ਲਵੇ ਪੱਤੇ ਰੁੱਖਾਂ ਤੋਂ ਡਿੱਗ ਪੈਂਦੇ
ਟਾਹਣੀਆਂ ਦੀ ਕੁੱਖ ਰੋਂਦੀ
ਰੁੱਖ ਦੀਆਂ ਜੜ੍ਹਾਂ ਨੂੰ ਵੇਂਹਦੀ
ਤੇ ਆਂਹਦੀ : ਇਹ ਕਿਹੜੀ ਤਕਦੀਰ ਹੁੰਦੀ ਏ
ਜੋ ਇੱਕੋ ਮਿੱਟੀ ਦੀ ਰੱਤ ਨੂੰ
ਕਈ ਫਿਰਕਿਆਂ ਵਿਚ ਵੰਡ ਦੇਂਦੀ ਏ
ਨਫ਼ਰਤ ਰਗ਼ਾਂ ਵਿਚ ਵਗਦੀ
ਤਾਂ ਸਾਰੀ ਬਦਦੂਆ ਮਾਵਾਂ ਦੀ ਕੁੱਖ ਨੂੰ ਲਗਦੀ...





ਰੱਬਾ ! ਤੇਰੇ ਦਰਦਮੰਦਾਂ ਨੇ ਇਕ ਖ਼ਤ ਲਿਖਿਆ ਸੀ
ਆਪਣੇ ਹਾਲ ਤੇ ਹੈਵਾਲ ਦਾ,
ਕਿ ਚਾਨਣ ਰੋਜ਼ ਚੁਗਲੀਆਂ ਖਾਂਦਾ ਏ
ਤੇ ਹਨੇਰਾ ਘਰਾਂ ਦੀ ਕੁੰਡੀ ਖੋਲ੍ਹ ਦੇਂਦਾ ਏ



ਰੋਜ਼ ਨੀਂਦਰ ਦੀ ਛੱਤ ਚੋਂਦੀ ਏ
ਬਾਹਰ ਚੀਕਾਂ ਦਾ ਮੀਂਹ ਵਸਦਾ
ਤਾਂ ਉਹਨਾਂ ਦੇ ਲੇਫ਼ ਭਿੱਜ ਜਾਂਦੇ ਨੇ...
ਉਹ ਹਾਂਡੀ ਵਿਚ ਦਾਲ ਨਹੀਂ, ਖੌਫ਼ ਰਿੰਨ੍ਹਦੇ ਨੇ
ਤੇ ਬੱਕਲ ਸਲੂਣੇ ਲਈ,
ਵਿਸ਼ਵਾਸ ਦਾ ਮਾਸਾ ਕੁ ਲੂਣ
ਕਿਸੇ ਹੱਟੀ ਤੋਂ ਨਹੀਂ ਲੱਭਦਾ...
ਪਰ ਉਹਨਾਂ ਦਾ ਖ਼ਤ ਕਿਤੇ ਨਹੀਂ ਪਹੁੰਚਿਆ
ਕਿ ਖ਼ਤ ਨੂੰ—ਸੱਚ ਦਾ ਸਿਰਨਾਵਾਂ ਨਹੀਂ ਲਭਦਾ...

ਦੋਸਤੋ ! ਦੁਆ ਮੰਗੋ !
ਕਿ ਮੌਸਮ ਖੁਸ਼ਗਵਾਰ ਹੋਵੇ
ਕੁਹਾੜੀਆਂ ਦੀ ਰੁੱਤ ਬਦਲੇ
ਰੁੱਖਾਂ ਦੀ ਉਮਰ—ਰੁੱਖਾਂ ਨੂੰ ਨਸੀਬ ਹੋਵੇ !
ਟਾਹਣੀਆਂ ਦੇ ਵੇਹੜੇ—
ਹਰੇ ਹਰੇ ਪੱਤਿਆਂ ਨੂੰ ਜਵਾਨੀ ਦੀ ਦੁਆ ਲੱਗੇ !
ਮੁਸਾਫਰਾਂ ਦੇ ਸਿਰਾਂ ਨੂੰ ਛਾਵਾਂ
ਤੇ ਰਾਹਵਾਂ ਨੂੰ ਫੁੱਲਾਂ ਦੀ ਅਸੀਸ ਮਿਲੇ !




ਦੋਸਤੋ ! ਦੁਆ ਮੰਗੋ
ਕਿ ਉਦਾਸੀਆਂ ਦਾ ਮੌਸਮ ਬਦਲ ਜਾਵੇ
ਸੂਰਜ ਦੀ ਕਿਰਨ—
ਜੇ ਮੱਥੇ ਦੀ ਮਿੱਤਰ ਬਣੇ
ਤਾਂ ਵਤਨਾਂ ਦੇ ਵਰਕਿਆਂ ਉੱਤੇ
ਅਮਨ ਦੀ ਤਾਰੀਖ਼ ਲਿਖੀ ਜਾਂਦੀ
ਚੰਨ ਦੀ ਟਿੱਕੀ—
ਜੇ ਰਾਹਵਾਂ ਦੀ ਮਿੱਤਰ ਬਣੇ
ਤਾਂ ਪੈਰਾਂ ਦੀ ਸਲਾਮਤੀ
ਹਨੇਰੇ ਦਾ ਮੁਕੱਦਰ ਬਦਲ ਦੇਂਦੀ—

ਦੁਆ ਮੰਗੋ ! ਕਿ ਵਰ੍ਹਾ ਸੁੱਖ ਦਾ ਆਵੇ,
ਖ਼ੈਰ ਦਾ ਆਵੇ
ਸੂਰਜ ਦੀ ਕਿਰਨ—
ਇਨਸਾਨ ਦੇ ਮੱਥੇ ਦੀ ਮਿੱਤਰ ਬਣੇ !
ਤੇ ਚੰਨ ਦੀ ਟਿੱਕੀ—
ਹਨੇਰਿਆਂ ਰਾਹਵਾਂ ਦੀ ਗਵਾਹ ਹੋਵੇ !

ਦੋਸਤੋ ! ਵਤਨ ਤੋਂ ਵੱਡੀ—
ਕੋਈ ਦਰਗਾਹ ਨਹੀਂ ਹੁੰਦੀ
ਵਤਨਾਂ ਵਾਲਿਓ ! ਦਿਲ ਦਾ ਚਿਰਾਗ਼ ਬਾਲ ਕੇ
ਦਰਗਾਹ ਤੇ ਰੱਖੋ
ਤੇ ਇੱਕ ਕਿਧਰੇ ਸਾਡਾ ਜੋ ਸ਼ਾਇਰ ਏ
ਇਕੱਲਾ ਬੈਠ ਕੇ ਦੁਆ ਕਰਦਾ ਪਿਆ
ਆਪਣੀ ਤੇ ਉਹਦੀ ਦੁਆ ਦੀ
ਮਕਬੂਲੀਅਤ ਮੰਗੋ !


ਕਹਿੰਦੇ ਨੇ—ਕਿ ਬੰਦਿਆਂ ਦੇ ਰੁੱਖਾਂ ਤੇ
ਜੇ ਦੁਆਵਾਂ ਦਾ ਅਰਘ ਦੇਈਏ
ਤਾਂ ਰੱਬ ਮਹਿਕ ਜਾਂਦਾ ਏ...
ਮੁਹੱਬਤ ਦੇ ਚਿਰਾਗ਼ ਬਾਲੀਏ ਤਾਂ
ਸਾਰਿਆਂ 'ਚੋਂ ਰੱਬ ਦਿੱਸਦਾ ਏ—
ਪੌਣਾਂ 'ਚ ਰੱਬ ਮਹਿਕਦਾ—
ਤਾਂ ਬੰਦੇ ਦੀ ਦੁਆ ਕਬੂਲ ਹੁੰਦੀ ਏ !
1992



## ਪ੍ਰਸ਼ਨ

ਮੈਂ ਨਹੀਂ ਜਾਣਦੀ—
ਕਿ ਪਹਿਲੇ ਪ੍ਰਸ਼ਨ ਦਾ ਜੋ ਬੀਜ ਸੀ
ਮਾਸ ਦੀ ਵੱਤਰ ਜ਼ਮੀਨ ਵਿਚ
ਉਹ ਕਿਹਨੇ ਪਾਇਆ ਸੀ...
ਉਹ ਬੀਜ ਖਿੜਿਆ—
ਤਾਂ ਪ੍ਰਸ਼ਨ ਵਿਚੋਂ ਪ੍ਰਸ਼ਨ ਉਗਦੇ ਰਹੇ...

ਸਾਡਾ ਮਿਥਹਾਸ ਕਹਿੰਦਾ ਹੈ
ਕਿ ਸਭ ਤੋਂ ਪਹਿਲੇ ਰੁੱਖ ਤੇ
ਜੋ ਪ੍ਰਸ਼ਨ ਉੱਗੇ ਸੀ
ਉਹ ਇੱਕ ਸੌ ਬਾਰਾਂ ਸਨ
ਜੋ ਦੇਵੀ ਨੇ ਤੋੜੇ ਸਨ
ਤੇ ਝੋਲੀ ਵਿਚ ਪ੍ਰਸ਼ਨ ਪਾ ਕੇ
ਇਕ ਨਦੀ ਦੇ ਕੰਢੇ
ਉਹ ਸ਼ਿਵਾ ਦੇ ਸਨਮੁਖ ਹੋਈ ਸੀ...
ਦੇਵੀ ਸਮਰੱਥ ਸੀ—
ਉਸ ਪ੍ਰਸ਼ਨ ਵੀ ਪਾਏ, ਉੱਤਰ ਵੀ ਪਾਏ...



ਪਰ ਮੈਂ—ਦੇਵ ਅਨੰਦਾ—
ਇਕ ਨਿਮਾਣੀ ਬਾਹਮਣੀ
ਕਿਸੇ ਪ੍ਰਸ਼ਨ ਦੇ ਸਮਰੱਥ ਨਹੀਂ ਸਾਂ,
ਫੇਰ ਇੱਹ ਕੌਤਕ ਕਿਵੇਂ ਹੋਇਆ
ਕਿ ਇਕ ਅੰਬਰੀ ਸੁਪਨਾ
ਮੇਰੀ ਕੁੱਖ ਵਿਚ ਆਇਆ
ਤੇ ਬਿਆਸੀ ਦਿਨਾਂ ਤਕ—
ਮੇਰੀ ਕੁੱਖ ਵਿਚ ਬੈਠਾ ਰਿਹਾ...

ਮੈਂ ਚੌਦਾਂ ਸੁਪਨਿਆਂ ਚੋਂ ਲੰਘੀ ਸਾਂ—
ਚੰਨ ਸੂਰਜ ਤੇ ਐਰਾਵਤੀ ਵੇਖੇ
ਇਕ ਲਹਿਰਦੀ ਧ੍ਵਜਾ ਵੇਖੀ
ਖੀਰ ਸਾਗਰ ਦਾ ਦੀਦਾਰ ਕੀਤਾ
ਰਤਨਾਂ ਦੇ ਅੰਬਾਰ ਡਿੱਠੇ
ਤੇ ਜਦੋਂ ਮੈਂ, ਇਕ ਗਰਭਵਤੀ
ਮਨ ਦੀ ਤ੍ਰੇਲ ਵਿਚ ਭਿਜਦੀ ਰਹੀ
ਤਾਂ ਕਹਿੰਦੇ ਨੇ—
ਕਿ ਪੂਰੇ ਅਸਮਾਨ ਵਿਚ
ਇਕ ਭਉਜਲੀ ਪੈਂਦੀ ਰਹੀ—
ਆਖਰ ਕੁਝ ਦੇਵਤੇ ਆਏ, ਬਹੁਤ ਘਬਰਾਏ
ਤਾਂ ਹਰਿਨੇਗਮੇਸ਼ੀ ਨਾਉਂ ਦੇ ਇਕ ਦੇਵਤਾ ਨੇ ਆਕੇ
ਮੇਰੇ ਗਰਭ ਨੂੰ ਮੇਰੀ ਕੁੱਖ ਚੋਂ ਲੈ ਕੇ
ਕੁੰਡ ਗ੍ਰਾਮ ਦੀ ਰਾਣੀ—
ਤ੍ਰਿਸ਼ਲਾ ਦੀ ਕਾਇਆ ਵਿਚ ਰੱਖ ਦਿੱਤਾ...

ਇਹ ਕ੍ਰਿੰਜ ਹੋਇਆ ? ਕਿਉਂ ਹੋਇਆ ?
ਮੈਂ ਕੁਝ ਨਹੀਂ ਜਾਣਦੀ—
ਸਿਰਫ਼ ਏਨਾ ਪਤਾ ਹੈ—
ਕਿ ਮੈਂ ਇੱਕ ਗਰਭਵਤੀ—
ਪ੍ਰਸ਼ਨਵਤੀ ਹੋਈ...
ਫੇਰ ਜਦ ਚੇਤਰ ਦੇ ਮਹੀਨੇ—
ਸ਼ੁਕਲਾ ਪੱਖ ਲੱਗਾ ਸੀ,
ਉੱਤਰਾ ਫਾਲਗੁਣੀ ਨਛੱਤਰ ਸੀ
ਤੇ ਉਹ—
ਜੋ ਮੇਰੀ ਕੁੱਖ ਵਿਚ ਨਿੰਮਿਆ
ਰਾਣੀ ਦੀ ਕੁੱਖ ਚੋਂ ਜੰਮਿਆ...

ਤੇ ਸਾਡਾ ਇਤਿਹਾਸ ਕਹਿੰਦਾ ਹੈ—
ਕਿ ਇੰਦਰ ਦੇਵਤਾ ਨੇ ਆ ਕੇ
ਰਾਣੀ ਨੂੰ ਨਮਸਕਾਰ ਕੀਤੀ
ਆਖਿਆ—ਹੇ ਰਤਨ ਕੁੱਖ ਵਾਲੀ !
ਮੈਂ ਤੇਰੇ ਮਹਾਂਬੀਰ ਦੇ ਸਿਰ ਤੇ
ਅਜ ਚੌਰੀ ਝੁਲਾਂਦਾ ਹਾਂ...

ਤੇ ਇੰਦਰ ਨੇ ਮੇਰੂ ਤੇ ਜਾ ਕੇ,
ਪਾਂਡੂ ਸ਼ਿਲਾ ਤੇ ਬਹਿ ਕੇ
ਬੱਚੇ ਨੂੰ ਗੋਦ ਵਿਚ ਪਾਇਆ
ਤੇ ਅੰਬਰੀ ਕਲਸ਼ਾਂ ਦਾ ਜਲ ਲੈ ਕੇ
ਬੱਚੇ ਨੂੰ ਨੁਹਾਇਆ...

ਮੈਂ—ਇਕ ਦੇਵ ਅਨੰਦਾ
ਮਾਂ ਹੋਣ ਦੀ ਹਸਤੀ ਲੁਟਾ ਕੇ
ਪ੍ਰਸ਼ਨ ਕਰਤਾ ਦੀ ਜੂਨ ਵਿਚ ਪੈਕੇ
ਉਸ ਜੂਨ ਨੂੰ ਹੰਢਾਂਦੀ ਰਹੀ
ਤੇ ਇਕ ਦਰਸ਼ਕ ਦੀ ਤਰ੍ਹਾਂ—
ਅਜਨਬੀ-ਪੁੱਤਰ ਨੂੰ ਵੇਂਹਦੀ ਰਹੀ—

ਕਹਿੰਦੇ ਨੇ ਬੁੱਧ ਨੇ ਕਿਹਾ ਸੀ—
ਮੈਂ ਇਕ ਵਾਰੀ ਫੇਰ ਆਵਾਂਗਾ
ਮੇਰਾ ਨਾਉਂ ਮੈਤ੍ਰੇਯ ਹੋਵੇਗਾ
ਤੇ ਸਾਡਾ ਇਤਿਹਾਸ ਕਹਿੰਦਾ ਹੈ—
ਮੈਤ੍ਰੇਯ ਨੂੰ ਉਹ ਕੁੱਖ ਨਹੀਂ ਲਭਦੀ
ਕਿ ਜਿਹਨੂੰ ਉਹ ਧਾਰਣ ਕਰੇ
ਤੇ ਬੁੱਧ ਦਾ ਉਹ ਵਚਨ ਪੂਰੇ...



ਤੇ ਸਾਡਾ ਇਤਿਹਾਸ ਕਹਿੰਦਾ ਹੈ—
ਕਿ ਉੱਚ ਆਤਮਾਵਾਂ—
ਅੰਬਰ ਦੇ ਵਰ੍ਹੇ ਗਿਣਦੀਆਂ,
ਮਾਵਾਂ ਦੀ ਕੁੱਖ ਚੁਣਦੀਆਂ...

ਮੈਂ ਇਸੇ ਲਈ ਪੁਛਦੀ—
ਕਿ ਇਕ ਤੀਰਥੰਕਰ ਨੇ
ਦੇਵ ਲੋਕ ਵਿਚ ਬਹਿ ਕੇ—
ਜਦ ਮੇਰੀ ਕੁੱਖ ਚੁਣੀ ਸੀ
ਤਾਂ ਮੇਰਾ ਗਰਭ ਕਿਉਂ ਚੁਰਾਇਆ ਗਿਆ ?
ਤੇ ਮੈਨੂੰ, ਬਿਆਸੀਆਂ ਦਿਨਾਂ ਦੀ—
ਇੱਕ ਗਰਭਵਤੀ ਨੂੰ—
—ਪ੍ਰਸ਼ਨ ਜੂਨ ਵਿਚ ਪਾਇਆ ਗਿਆ...

ਮੈਂ—ਇਕ ਦੇਵ ਅਨੰਦਾ
ਜਿਹਨੇ ਉੱਤਰਵਤੀ ਹੋਣਾ ਸੀ,
ਪੁੱਤਰਵਤੀ ਹੋਣਾ ਸੀ
ਹੁਣ ਜਦੋਂ ਵੀ ਇਕ ਜਨਮ ਲੈਂਦੀ ਹਾਂ
ਪ੍ਰਸ਼ਨ ਦੀ ਪੀੜਾ ਨੂੰ ਸਹਿੰਦੀ ਹਾਂ
ਤੇ ਕੁੱਖ ਵਿੱਚੋਂ ਪ੍ਰਸ਼ਨ ਜੰਮਦੀ ਹਾਂ...




## ਗੱਲ ਕਾਇਆ ਦੀ ਨਹੀਂ

ਗੱਲ ਕਾਇਆ ਦੀ ਨਹੀਂ
ਉਸ ਛਾਇਆ ਦੀ ਹੈ
ਜੋ ਅੰਤਰ ਦਾ ਦੀਵਾ ਬਾਲ ਕੇ
ਅੱਖਰਾਂ ਦੀ ਸੇਧ ਵਿਚ ਤੁਰਦੀ
ਅੱਖਰਾਂ ਨੂੰ ਲਭਦੀ, ਪ੍ਰਣਾਮ ਕਰਦੀ
ਲਕੀਰਾਂ ਵਿਚ ਉਤਰਦੀ
ਤੇ ਉਹਨਾਂ ਦੀ—
ਛਾਤੀ ਵਿਚ ਧੜਕਦੀ
ਅੱਖਰ ਕਾਇਆ-ਮੁਕਤ ਹੁੰਦੇ
ਸਦੀਆਂ ਦੀ ਯਾਤਰਾ ਕਰਦੇ...

ਗੱਲ ਕਾਇਆ ਦੀ ਨਹੀਂ
ਉਸ ਛਾਇਆ ਦੀ ਹੈ
ਜੋ ਹਨੇਰਿਆਂ ਚੋਂ ਉਠਦੀ
ਹਵਸ ਦੇ ਹਨੇਰਿਆਂ ਵਿੱਚੋਂ
ਹਸਦ ਦੇ ਹਨੇਰਿਆਂ ਵਿੱਚੋਂ
ਤੇ ਉਹ ਇਕ ਡੀਕ ਲਾ ਕੇ—
ਆਪਣੀ ਹਉਮੈ ਨੂੰ ਪੀਂਦੀ
ਪੈਰਾਂ ਤੋਂ ਲੜਖੜਾਂਦੀ
ਅੱਖਰਾਂ ਨੂੰ ਵੇਂਹਦੀ
ਤਾਂ ਅੱਖਰ ਮੌਤ-ਮੁਖੀ- ਹੁੰਦੇ
ਕਾਗ਼ਜ਼ਾਂ ਤੇ ਡਿੱਗ ਪੈਂਦੇ...

ਗੱਲ ਕਾਇਆ ਦੀ ਨਹੀਂ
ਛਾਇਆ ਤੇ ਛਾਇਆ ਦੀ ਹੈ...



## ਵਰਸ਼ ਕੁੰਡ

ਉਹ—ਇਕ ਸ਼ਾਹ ਅਸਵਾਰ ਸੀ
ਉਸ ਸੱਤ ਘੋੜੇ ਪੀੜ ਲੀਤੇ
ਤਾਂ ਅਜ਼ਲ ਨੇ ਕਿਹਾ—
ਜੀਵੇਂ ! ਇਕ ਗੱਲ ਨਾ ਭੁੱਲੀਂ
ਵਾਦੀ 'ਚ ਪੈਰ ਪਾਣ ਤੋਂ ਪਹਿਲਾਂ
ਤੂੰ ਵਰਸ਼ ਕੁੰਡ ਤੇ ਜਾਵੀਂ !
ਪਿੰਡੇ ਤੋਂ ਬਦੱਲ ਝਾੜ ਕੇ
ਸੂਰਜ ਦੀ ਧੁੱਪ ਮਲੀਂ !
ਕੁੰਡ ਦੇ ਪਾਣੀ 'ਚ ਨਹਾਵੀਂ !
ਰੁੱਖਾਂ ਦੇ ਪੈਰ ਛੋਹਵੀਂ !
ਤੇ ਫੇਰ ਜਦੋਂ ਰਾਤ ਉਤਰੇਗੀ—
ਚੰਨ ਦਾ ਦੀਵਾ ਜਗਾਈਂ !
ਤਾਰਿਆਂ ਦੀ ਚਾਦਰ ਚੜ੍ਹਾਈਂ !
ਤੇ ਵਰਸ਼ ਕੁੰਡ ਤੋਂ ਮੁਰਾਦ ਮੰਗੀਂ !
ਕਿ ਵਰ੍ਹੇ ਪਿੱਛੋਂ—
ਤੂੰ ਸੁਨਹਿਰੀ ਕਾਲ ਹੋ ਕੇ ਪਰਤੇਂਗਾ...

ਸ਼ਾਹ ਅਸਵਾਰ ਤੁਰਿਆ—
ਤਾਂ ਘੋੜੇ ਹਿਣਕ ਉੱਠੇ
ਇਕ ਬੰਨੇ ਉਲਕਾ ਨੇ ਪਿੰਡਾ ਝਾੜਿਆ
ਤੇ ਇਕ ਸੈਨਤ ਜਿਹੀ ਕੀਤੀ
ਪਰ ਅਜ਼ਲ ਨੇ ਥਾਪਣਾ ਦਿੱਤੀ—
ਤੇ ਸੱਤਾਂ ਘੋੜਿਆਂ ਦੇ ਰਥ ਨੇ
ਵਾਵਾਂ ਦੀ ਚਾਲ ਪਕੜ ਲੀਤੀ...

..............


ਰਥ ਚਲਦਾ ਰਿਹਾ—
ਬੜੇ ਨੀਲਿਆਂ ਰਾਹਵਾਂ ਤੇ
ਸੁਨਹਿਰੀ ਧੂੜ ਉਡਦੀ ਰਹੀ

ਤੇ ਅੰਬਰ ਅਗਾਂਹ ਹੋ ਕੇ
ਧਰਤੀ ਨੂੰ ਮਿਲਦਾ ਰਿਹਾ...

..............

ਫੇਰ ਜਦੋਂ ਵਾਵਾਂ ਕੁਝ ਹੰਭ ਗਈਆਂ
ਘੋੜਿਆਂ ਦੇ ਪਿੰਡੇ ਤੇ ਮੁੜ੍ਹਕਾ ਆ ਗਿਆ
ਰਥਵਾਹੀ ਦੀਆਂ ਉਂਗਲਾਂ ਕੁਝ ਹੰਭ ਗਈਆਂ
ਤਾਂ ਉਸਨੇ ਜਾਣਿਆ—
ਕਿ ਵਾਦੀ ਦੇ ਲਾਗੇ ਆਣ ਪਹੁੰਚੇ ਹਾਂ...

....................



ਉਹ ਵਰਸ਼ ਕੁੰਡ ਕਿੱਥੇ ਹੈ ?
ਉਸ ਵਾਵਾਂ ਨੂੰ ਪੁੱਛਿਆ.
ਤਾਂ ਵਾਵਾਂ ਨੇ ਕਿਹਾ :
ਐਥੇ ਹੀ ਕਿਤੇ ਹੁੰਦਾ ਸੀ,
ਥੇਹ ਜਿਹਾ ਦਿਸਦਾ ਸੀ
ਕੋਈ ਜੀਵ ਜੰਤੂ ਵੀ
ਪਸੱਤਿਆਂ ਰਾਹਵਾਂ ਤੇ ਨਹੀਂ ਔਂਦੇ
ਤੇ ਵਰ੍ਹੇ ਪਿਛੋਂ ਥੇਹ ਵੀ
ਸਿੰਞਾਣੇ ਨਹੀਂ ਜਾਂਦੇ...
ਫੇਰ ਕੁਝ ਰੁੱਖਾਂ ਦੀ ਹਰੀ ਛਾਵੇਂ
ਉਹ ਰਥ ਵਿਚੋਂ ਉਤਰਿਆ
ਰੁੱਖਾਂ ਦੇ ਪੈਰ ਛੋਹੇ
ਤਾਂ ਰੁੱਖਾਂ ਨੇ ਜੜ੍ਹਾਂ ਤੀਕਰ
ਇਕ ਹਉਕਾ ਲਿਆ
ਕਹਿਣ ਲੱਗੇ—ਆ ਜੀਵੇਂ !
ਬਸ ਤੇਰਾ ਮੂੰਹ ਤੱਕਣਾ ਸੀ,
ਸੋ ਰਾਹਵਾਂ ਤੇ ਖਲੋਤੇ ਹਾਂ
ਨਹੀਂ ਤਾਂ ਕੀ ਪਤਾ ਹੁੰਦਾ—
ਤੇ ਕੁਹਾੜੀਆਂ ਦੀ ਰੁੱਤੇ
ਸਾਹਵਾਂ ਦਾ ਵਸਾਹ ਨਹੀਂ ਪੈਂਦਾ...

.................

ਤੇ ਰੁੱਖਾਂ ਨੇ ਚਾਰ ਪੱਤੇ ਝਾੜਕੇ
ਪੈਰਾਂ 'ਚ ਵਿਛਾਏ, ਕਹਿਣ ਲੱਗੇ—
ਹਾਲੇ ਤਾਂ ਘੜੀ ਰਹਿੰਦੀ ਏ,
ਇਹ ਬੜੇ ਚੰਦਰੇ ਵੇਲੇ

ਤੂੰ ਘੋੜਿਆਂ ਨੂੰ ਸਾਹ ਕੱਢਣ ਦੇ !
ਫਿਰ ਤਾਂ ਜੀਊਂਦਿਆਂ ਦੇ ਮੇਲੇ...

ਉਸ ਰੁੱਖਾਂ ਨੂੰ ਪੁੱਛਿਆ—
ਕਿ ਵਰਸ਼ ਕੁੰਡ ਕਿਥੇ ਹੈ ?
ਕੋਈ ਪਤਾ ਤੇ ਟਿਕਾਣਾ ?
ਮੈਂ ਵਾਦੀ ਵਿਚ ਜਾਣ ਤੋਂ ਪਹਿਲਾਂ
ਉਸ ਵਰਸ਼ ਕੁੰਡ ਤੇ ਜਾਣਾ...

.................

ਰੁੱਖਾਂ ਨੇ ਹੋਰ ਪੱਤੇ ਝਾੜ ਕੇ
ਪੈਰਾਂ 'ਚ ਵਿਛਾਏ, ਆਖਿਆ—
ਜੀਵੇਂ ! ਇਥੇ ਹੀ ਘੜੀ ਬਹਿ ਜਾ
ਕੋਈ ਵਰਸ਼ ਕੁੰਡ ਹੁੰਦਾ ਸੀ,
ਅਸਾਂ ਪਹਿਲਿਆਂ ਰੁੱਖਾਂ ਤੋਂ ਸੁਣਿਆ ਸੀ
ਤੇ ਉਹਨਾਂ ਵੀ ਖੌਰੇ—
ਆਪਣੇ ਤੋਂ ਪਹਿਲਿਆਂ ਰੁੱਖਾਂ ਤੋਂ
ਹੁਣ ਤਾਂ—ਇਕ ਥੇਹ ਜਿਹਾ ਸੁਣੀਂਦਾ,
ਅਹੁ ਸਾਹਮਣੇ ਦਿੱਸਦਾ...
ਉਹ ਵੀ ਜੋ ਪਰੂੰ ਆਇਆ ਸੀ,
ਤੇਰੇ ਤੋਂ ਪਹਿਲਾਂ, ਇਹੀ ਪੁਛਦਾ ਸੀ...
ਜਿਹੜਾ ਵੀ ਵਰ੍ਹਾ ਔਂਦਾ ਏ
ਵਰਸ਼ ਕੁੰਡ ਨੂੰ ਲਭਦਾ ਮੁਰਾਦਾਂ ਭਾਲਦਾ
ਪਰ ਵਰਸ਼ ਕੁੰਡ ਤਾਂ ਸਰਾਪਿਆ ਹੋਇਆ
ਨਾ ਬੋਲਦਾ ਨਾ ਚਾਲਦਾ...

.................

ਇਹ ਵਾਦੀ ਕਿਵੇਂ ਵਸਦੀ ਏ ?
ਉਸ ਰੁੱਖਾਂ ਨੂੰ ਪੁੱਛਿਆ,
ਤਾਂ ਰੁੱਖਾਂ ਨੇ ਕਿਹਾ—
ਪੁੱਤਰਾ ! ਤੂੰ ਇਹ ਪੁੱਛ ਕਿ ਕਿਵੇਂ ਉਜੜਦੀ ?

................

ਉਹ ਸ਼ਾਹ ਅਸਵਾਰ ਨੇ—
ਇਕ ਟਾਹਣੀ ਨੂੰ ਹੱਥ ਪਾਇਆ
ਤੇ ਉੱਚੇ ਰੁੱਖ ਦੇ ਪਿੰਡੇ ਨੂੰ ਦੁਲਾਰਦਾ
ਹੌਲੀ ਜਹੀ ਕਹਿਣ ਲੱਗਾ—

ਬਾਬਾ ! ਕੀ ਏਸ ਵਾਦੀ ਰੱਬ ਨਹੀਂ ਵੱਸਦਾ ?
ਤਾਂ ਰੁੱਖ ਹੱਸੇ—
ਪੁੱਤਰਾ ! ਰੱਬ ਤਾਂ ਬੜੇ ਵਸਦੇ
ਪਰ ਲੋਕਾਂ ਵਿਚ ਨਹੀਂ ਵਿਚਰਦੇ
ਇਹ ਜੋ ਵਾਦੀ ਦੇ ਲੋਕ ਨੇ
ਉਹ ਰੱਬ ਨੂੰ ਵੀ ਨਜ਼ਰਬੰਦ ਕਰਦੇ
ਇਕ ਰੱਬ ਵਾਲਾ—
ਉਸ ਦੂਜੇ ਰੱਬ ਦੇ ਕੋਠੇ ਨੂੰ ਢਾਂਹਦਾ
ਤੇ ਦੂਜੇ ਰੱਬ ਵਾਲਾ—
ਉਸ ਪਹਿਲੇ ਦੇ ਰੱਬ ਦਾ ਕੋਠਾ ਵੀ ਫੂਕ ਦੇਂਦਾ...
ਤੇ ਵਾਦੀ ਦੀਆਂ ਚੀਕਾਂ—
ਕਬਰਾਂ ਦੀ ਕੁੱਖੇ ਪੈਂਦੀਆਂ,
ਮਿੱਟੀ ਚੋਂ ਜੰਮਦੀਆਂ ਰਹਿੰਦੀਆਂ...
ਸ਼ਾਹ ਅਸਵਾਰ ਨੇ ਤੱਕਿਆ
ਕਿ ਪੈਰਾਂ ਦੀ ਜ਼ਮੀਨ ਪਈ ਹਿਲਦੀ ਸੀ
ਕਹਿਣ ਲੱਗਾ—
ਮੈਂ ਨਵਾਂ ਜਿਹਾ ਆਇਆ,
ਇਸ ਵਾਦੀ ਵਿਚ ਕਿਵੇਂ ਰਵ੍ਹਾਂਗਾ ?
ਮੈਂ ਵਾਦੀ ਦਾ ਸੁਨਹਿਰੀ ਕਾਲ ਬਨਣਾ ਸੀ
ਕੀ ਬੇਮੁਰਾਦਾ ਪਰਤ ਜਾਵਾਂਗਾ ?



ਰੁੱਖਾਂ ਨੇ ਕਿਹਾ—
ਕਿ ਹੁਣੇ ਅੱਗੋਂ ਦੀ ਔਂਦਾ
ਤੈਨੂੰ ਉਹ ਮਿਲੇਗਾ
ਜੋ ਪਿਛਲੇ ਵਰ੍ਹੇ ਆਇਆ ਸੀ
ਤੇ ਤੇਰੇ ਵਾਂਗ ਹੀ
ਵਰਸ਼ ਕੁੰਡ ਨੂੰ ਲਭਦਾ
ਵਾਦੀ ਵਿਚ ਗਿਆ ਸੀ...
ਤੂੰ ਓਸ ਨੂੰ ਪੁੱਛੀਂ !
ਕਿ ਤਿੰਨ ਸੌ ਤੇ ਪੈਂਠ ਦਿਨਾਂ ਵਿਚ
ਕੀ ਬਣਿਆ ?
ਅਸੀ ਤਾਂ ਇਹੀਉ ਜਾਣਦੇ—
ਕਿ ਜਿਹੜਾ ਵੀ ਵਰ੍ਹਾ ਔਂਦਾ ਏ
ਉਹ ਕੰਬ ਕੇ ਵਾਦੀ ਚੋਂ ਪਰਤਦਾ
ਘੜੀ ਇਥੇ ਹੀ ਬਹਿੰਦਾ ਏ
ਤੇ ਪੁੱਛਦਾ—

ਕਿ ਕੁੰਡ ਨੂੰ ਸਰਾਪ ਕਦੋਂ ਲੱਗਾ ਸੀ ?
ਤੇ ਕਦੋਂ ਉਤਰੇਗਾ ?
ਤੇ ਵੱਡੇ ਰੁੱਖ ਨੇ—ਜਿਹੜੇ ਵੀ ਚਾਰ ਪੱਤੇ ਸਨ
ਉਨ੍ਹਾਂ ਵਿਚ ਪਿੰਡਾ ਵਲ੍ਹੇਟਿਆ, ਤੇ ਕਿਹਾ—
ਪੁੱਤਰਾ ! ਮੈਂ ਜਦੋਂ ਦਾ ਜੰਮਿਆ
ਇਹੋ ਹੀ ਵੇਖਦਾ ਆਇਆ
ਸਿਰਫ ਅਜ਼ਲਾਂ ਦੀ ਬਾਤ ਚਲੀ ਔਂਦੀ
ਕਿ ਇਕ ਵਰਸ਼ ਕੁੰਡ ਹੁੰਦਾ ਸੀ
ਤੇ ਜਿਹੜਾ ਵੀ ਵਰ੍ਹਾ ਔਂਦਾ ਸੀ
ਉਹ ਕੁੰਡ ਤੋਂ ਮੁਰਾਦ ਪਾਂਦਾ ਸੀ...
ਖੌਰੇ ਉਹ ਕਿਹੜੇ ਕਾਲ ਦੀਆਂ ਗੱਲਾਂ...

ਉਹ, ਜੋ ਸੱਤਾਂ ਘੋੜਿਆਂ ਤੇ ਆਇਆ
ਪਿੰਡੇ ਤੇ ਉਤਰ ਆਏ ਨ੍ਹੇਰੇ ਨੂੰ ਵੇਖਦਾ
ਰੁੱਖਾਂ ਦੇ ਕੋਲ ਹੋ ਕੇ, ਰੁੱਖਾਂ ਦੇ ਪੈਰ ਛੋਹ ਕੇ
ਚੁੱਪ ਜਿਹਾ ਵਾਦੀ ਨੂੰ ਤੁਰਨ ਲੱਗਾ
ਤਾਂ ਇਕ ਨਜ਼ਰ ਥੇਹ ਵਲ ਤਕਦਾ ਖਲੋ ਗਿਆ...
ਖੌਰੇ ਕੋਈ ਵਾ ਵਰੋਲਾ ਸੀ—
ਕਿ ਜਾਪਿਆ, ਥੇਹ ਕੁਝ ਹਿੱਲਿਆ,
ਤੇ ਉਰ੍ਹਾਂ ਜਿਹਾ ਹੋ ਗਿਆ

ਰੁੱਖਾਂ ਨੇ ਕਿਹਾ—
ਇੰਜੇ ਹੀ ਕਦੀ ਕਦੀ
ਧੂੜਾਂ ਦੇ ਗੁਬਾਰ ਉਠਦੇ
ਪਰਛਾਵੇਂ ਜਹੇ ਦਿਸਦੇ,
ਖੌਰੇ ਉਹ ਬੀਤਿਆਂ ਵਰ੍ਹਿਆਂ ਦੇ ਹੁੰਦੇ
ਜੋ ਥੇਹ ਉੱਤੇ ਆਣ ਕੇ ਰੋਂਦੇ
ਤੇ ਚੰਦਰੀ ਜਹੀ ਵਾ ਵਗਦੀ
ਥੇਹ ਦੀ ਮਿੱਟੀ ਵੀ ਸੁਬਕਦੀ ਲਗਦੀ...
ਤੂੰ ਜਾਹ ਜੀਵੇਂ ! ਦੇਰ ਪਈ ਹੁੰਦੀ ਊ...

ਨਵੇਂ ਵਰ੍ਹੇ ਨੇ
ਮੋਢਿਆਂ ਤੇ ਕੰਬਲ ਵਲਾਇਆ
ਘੋੜਿਆਂ ਦੇ ਰਥ ਨੂੰ ਪਿਛਾਂਹ ਪਰਤਾਇਆ
ਤੇ ਵਰਸ਼ ਕੁੰਡ ਦੇ ਉਸ ਥੇਹ ਨੂੰ ਵੇਂਹਦਾ
ਅੱਡੀਆਂ ਝਾੜ ਕੇ ਵਾਦੀ ਨੂੰ ਤੁਰ ਪਿਆ...
1993



ਨਹੀਂ, ਚੁੱਪ ਦੇ ਇਸ ਰੁੱਖ ਨਾਲੋਂ
ਮੈਂ ਅੱਖਰ ਨਹੀਂ ਤੋੜੇ
ਇਹ ਤਾਂ ਜੋ ਰੁੱਖ ਨਾਲੋਂ ਝੜੇ ਸੀ
ਮੈਂ ਉਹੀ ਅੱਖਰ ਚੁਣਦੀ ਰਹੀ

ਨਹੀਂ ਤੁਸਾਂ ਨੂੰ ਜਾਂ ਕਿਸੇ ਨੂੰ
ਮੈਂ ਕੁਝ ਨਹੀਂ ਆਖਿਆ
ਇਹ ਤਾਂ ਜੋ ਲਹੂ ਵਿਚ ਬੋਲੇ ਸੀ
ਮੈਂ ਉਹੀ ਹਰਫ਼ ਸੁਣਦੀ ਰਹੀ...

ਇਕ ਬਿਜਲਈ ਲੰਬੀ ਲਕੀਰ ਸੀ
ਛਾਤੀ ਚੋਂ ਲੰਘੀ ਸੀ
ਇਹ ਤਾਂ ਕੁਝ ਉਸੇ ਦੇ ਟੋਟੇ
ਮੈਂ ਪੋਟਿਆਂ ਤੇ ਗਿਣਦੀ ਰਹੀ...

ਤੇ ਚੰਨ ਨੇ ਚਰਖੇ ਤੇ ਬਹਿਕੇ
ਜੋ ਬਦੱਲਾਂ ਦੀ ਕਪਾਹ ਕੱਤੀ
ਇਹ ਤਾਂ ਕੁਝ ਉਹੀ ਧਾਗੇ ਨੇ
ਮੈਂ ਖੱਡੀ ਤੇ ਉਣਦੀ ਰਹੀ...




ਸ਼ਿਲਾਲੇਖ, ਦਿੱਲੀ–110032